# ECHO OF HIS CALL

# ਬੁਲਾਵੇ ਦੀ ਗੂੰਜ

PUNJABI

₹ 10/-

India's National Spiritual Newspaper

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Pr. SHIVINDER KUMAR

VOL. XXVII | YEAR OF OUR LORD JESUS CHRIST, 2026 JUNE | No. 01


**ਪਵਿੱਤਰ ਬਾਈਬਲ**

**ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ**

**PRAISE THE LORD**

ਜ਼ਬੂਰ 54:13-17

13.ਤੇਰੇ ਸਾਰੇ ਪੁੱਤ੍ਰ ਯਹੋਵਾਹ ਵੱਲੋਂ ਸਿੱਖੇ ਹੋਏ ਹੋਣਗੇ, ਅਤੇ ਤੇਰੇ ਪੁੱਤ੍ਰਾਂ ਦੀ ਸ਼ਾਂਤੀ ਬਹੁਤ ਹੋਵੇਗੀ।

14. ਤੂੰ ਧਰਮ ਵਿੱਚ ਕਾਇਮ ਰਹੇਂਗੀ, ਅਤੇ ਜ਼ੁਲਮ ਤੋਂ ਦੂਰ ਰਹੇਂਗੀ, ਏਸ ਲਈ ਤੂੰ ਨਾ ਡਰੀਂ, ਅਤੇ ਭੈਜਲ ਤੋਂ ਵੀ, ਕਿਉਂ ਜੋ ਉਹ ਤੇਰੇ ਨੇੜੇ ਨਾ ਆਵੇਗਾ।

15.ਵੇਖ, ਓਹ ਝਗੜਾ ਛੇੜਦੇ ਹਨ, ਪਰ ਮੇਰੀ ਵੱਲੋਂ ਨਹੀਂ, ਜਿਹੜਾ ਤੇਰੇ ਨਾਲ ਝਗੜੇ ਉਹ ਤੇਰੇ ਕਾਰਨ ਡਿੱਗੇਗਾ!

16.ਵੇਖ, ਮੈਂ ਲੋਹਾਰ ਉਤਪਤ ਕੀਤਾ, ਜੋ ਕੋਲਿਆਂ ਦੀ ਅੱਗ ਧੌਂਕਦਾ ਹੈ,ਅਤੇ ਆਪਣੇ ਕੰਮ ਲਈ ਸੰਦ ਕੱਢਦਾ ਹੈ, ਮੈਂ ਹੀ ਨਾਸ ਕਰਨ ਵਾਲਾ ਉਜਾੜਨ ਲਈ ਉਤਪਤ ਕੀਤਾ।

17. ਹਰ ਹਥਿਆਰ ਜੋ ਤੇਰੇ ਵਿਰੁੱਧ ਬਣਾਇਆ ਜਾਵੇ ਨਿਕੰਮਾ ਹੋਵੇਗਾ, ਹਰ ਜੀਭ ਨੂੰ ਜੋ ਤੇਰੇ ਵਿਰੁੱਧ ਨਿਆਉਂ ਲਈ ਉੱਠੇ ਤੂੰ ਦੋਸ਼ੀ ਠਹਿਰਾਵੇਂਗੀ, ਏਹ ਯਹੋਵਾਹ ਦੇ ਦਾਸਾਂ ਦਾ ਅਧਿਕਾਰ ਹੈ, ਅਤੇ ਉਨ੍ਹਾਂ ਦਾ ਧਰਮ ਮੈਥੋਂ ਹੈ,ਯਹੋਵਾਹ ਦਾ ਵਾਕ ਹੈ।।

## ਪਰਮੇਸ਼ੁਰ ਦੂਜਿਆਂ ਵਲੋਂ ਤੁਹਾਨੂੰ ਨੁਕਸਾਨ ਪਹੁੰਚਾਉਣ ਦੀ ਇਜਾਜ਼ਤ ਨਹੀਂ ਦੇਵੇਗਾ!

## GOD WILL NOT ALLOW OTHERS TO HARM YOU!

ਭੈਣ ਐਂਜਲੀਨ



ਸਾਡੇ ਪ੍ਰਭੂ ਅਤੇ ਮੁਕਤੀਦਾਤਾ, ਯਿਸੂ ਮਸੀਹ ਦੇ ਸ਼ਾਨਦਾਰ ਨਾਮ ਵਿੱਚ, ਦੁਨੀਆ ਭਰ ਦੇ ਸਾਡੇ ਸਾਰੇ ਭਰਾਵਾਂ ਅਤੇ ਭੈਣਾਂ ਨੂੰ ਸ਼ੁਭਕਾਮਨਾਵਾਂ। ਸਾਡੇ "ਉਸ ਦੇ ਬੁਲਾਵੇ ਦੀ ਗੂੰਜ" ਰਸਾਲੇ ਰਾਹੀਂ ਤੁਹਾਡੇ ਨਾਲ ਇੱਕ ਵਾਰ ਫਿਰ ਜੁੜ ਕੇ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ। ਸ਼ਾਂਤੀ ਅਤੇ ਆਰਾਮ ਦਾ ਪਰਮੇਸ਼ੁਰ ਸਾਡੇ ਵਿੱਚੋਂ ਹਰੇਕ ਦੀ ਅਗਵਾਈ ਅਤੇ ਮਾਰਗਦਰਸ਼ਨ ਕਰਦਾ ਰਹੇ!

ਹਾਲ ਹੀ ਵਿੱਚ, ਮੈਂ ਯਾਕੂਬ ਦੇ ਜੀਵਨ ਬਾਰੇ ਪੜ੍ਹ ਰਿਹਾ ਸੀ, ਅਤੇ ਇਸ ਆਇਤ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ:...

**"ਪਰ ਤੁਹਾਡੇ ਪਿਤਾ ਨੇ ਮੇਰੇ ਨਾਲ ਧੋਖਾ ਕੀਤਾ ਅਤੇ ਮੇਰੀ ਮਜ਼ਦੂਰੀ ਦਸ ਵਾਰੀ ਬਦਲੀ ਪਰ ਪਰਮੇਸ਼ੁਰ ਨੇ ਉਸ ਤੋਂ ਮੈਨੂੰ ਘਾਟਾ ਪੈਣ ਨਾ ਦਿੱਤਾ।**

**- ਉਤਪਤ 31:7**



ਮੈਨੂੰ ਨੁਕਸਾਨ ਪਹੁੰਚਾਉਣ ਲਈ ਪਰਮੇਸ਼ੁਰ

ਕਿੰਨਾ ਸ਼ਕਤੀਸ਼ਾਲੀ ਭਰੋਸਾ! ਇਨ੍ਹਾਂ ਸ਼ਬਦਾਂ 'ਤੇ ਵਿਚਾਰ ਕਰਨ ਨਾਲ – ਪਰਮੇਸ਼ੁਰ ਨੇ ਮਨੁੱਖ ਨੂੰ ਇਜਾਜ਼ਤ ਨਹੀਂ ਦਿੱਤੀ ਕਿ ਮੈਨੂੰ ਨੁਕਸਾਨ ਪਹੁੰਚਾਵੇ,ਨਾ ਹੀ ਸ਼ੈਤਾਨ ਨੂੰ ਮੇਰੇ ਜਾਂ ਮੇਰੇ ਪਰਿਵਾਰ ਦੇ ਵਿਰੁੱਧ ਸਫਲ

.....ਸਫਾ ਨੰਬਰ 3 ਤੇ' ਜਾਰੀ ਹੈ




ਬੁਲਾਵੇ ਦੀ ਗੂੰਜ

## ਮਸੀਹੀ ਯੂ-ਟਯੂਬ ਚੈਨਲ

ਪਾ. ਸੈਮ ਸੇਲਵਾ ਰਾਜ ਦੇ ਨਾਲ ਪ੍ਰਾਥਨਾ ਕਰਨ ਦਾ ਇੱਕ ਮੌਕਾ!

ਸੰਦੇਸ਼ ਅਤੇ ਪ੍ਰਾਥਨਾ 2 ਮਿੰਟ ਵਿੱਚ!!

ਅੰਗ੍ਰੇਜ਼ੀ,ਹਿੰਦੀ,ਤਮਿਲ,ਅਤੇ ਤੇਲਗੂ

ਅਤੇ

ਤਮਿਲ ਅਤੇ ਅੰਗ੍ਰੇਜ਼ੀ ਸੰਦੇਸ਼ ਅਤੇ ਪ੍ਰਾਰਥਨਾ

ਐਤਵਾਰ ਸਭਾ – 8.30 ਸਵੇਰੇ ਅਤੇ 6:00 ਬਜੇ ਸ਼ਾਮ

★ Please Subscribe and Share ★

# ਬੁਲਾਵੇ ਦੀ ਗੂੰਜ -(60ਵੇਂ ਸਾਲ ਲਈ ਅੱਗੇ ਵਧਦੇ ਹੋਏ )

Estd. 1969



## *from your dearly beloved brother...*

'ਤਾਂ ਤੇਰੇ ਖਾਤੇ ਪੈਦਾਵਾਰ ਨਾਲ ਭਰੇ ਪੂਰੇ ਰਹਿਣਗੇ, ਅਤੇ ਤੇਰੇ ਦਾਖਾਂ ਦੇ ਵੇਲਣੇ ਨਵੇਂ ਰਸ ਨਾਲ ਛਲਕਣਗੇ।
ਕਹਾਉਤਾਂ 3:10



**ਸਾਡੀ ਮਿਸ਼ਨ ਨੀਤੀ**

**ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ**

HON. EDITOR-IN-CHIEF
Rev. Dr. Angeline S. Kumari, M.A., M.Sc., M.Ed.
EX MANAGING EDITOR
Pastor Alex Samson Sam, B.Th., M.Div.
GENERAL MANAGER
Bro. N. Prakasam, M.A, M.Sc(C&P), PGDIRM, MBA.
ADMINISTRATION
Sis. Jesy Veena Sam
Adv. K. Puratchivendan, M.Com., C.A., B.L.
Dr. P.E.R. Premchand, M.Sc., M.A., M.Ed., Ph.D.
Dr. C.G.S. Baburao, B.Tech., M.Tech. (DM), Ph.D.
Dr. Rabinder Boaz, M.S. (CMC)
EDITORIAL BOARD
Dr. Serena Bevin, M.A., M.Phil., B.Ed.
Sis. Sajini Cherian
Rev. Dr. K.R. Rajasekaran
Rev. Dr. William Robert, Ph.D., DD, D.Lit.
EDITOR, PUBLISHER & PRINTER
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 98412 71858 95661 31858
E.MAIL
sam@echoofhiscall.org
biblecor@yahoo.co.in
WEBSITES
www.echoofhiscall.org
www.stpaulsmatriculation.org
YOUTUBE CHANNEL
Echo of His Call

ਪ੍ਰਭੂ ਵਿੱਚ ਬਹੁਤ ਪਿਆਰੇ,

ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਸ਼ਾਨਦਾਰ ਨਾਮ ਵਿੱਚ ਤੁਹਾਨੂੰ ਨਮਸਕਾਰ!

ਅੱਜਕੱਲ੍ਹ, ਅਸੀਂ ਆਪਣੀ ਸੇਵਕਾਈ ਦੇ ਹਰ ਖੇਤਰ ਵਿੱਚ ਰੂਹਾਂ ਦੀ ਇੱਕ ਵੱਡੀ ਫ਼ਸਲ ਦੇਖ ਰਹੇ ਹਾਂ, ਕਿਉਂਕਿ ਬਹੁਤ ਸਾਰੇ ਲੋਕ ਸਾਡੇ **ਨਹਮਯਾਹ ਬਾਈਬਲ ਕਾਲਜਾਂ** , **ਸੈਂਟ ਪੌਲਜ਼ ਮੈਟ੍ਰਿਕ ਸਕੂਲ** , **ਅਤੇ ਕਲੀਸਿਯਾਵਾਂ ਦੀਆਂ ਸੇਵਕਾਈਆਂ ਰਾਹੀਂ ਸਾਡੇ ਪ੍ਰਭੂ ਯਿਸੂ ਮਸੀਹ ਦਾ ਸਾਹਮਣਾ ਕਰ ਰਹੇ ਹਨ** ।

ਵੈਕੇਸ਼ਨ **ਬਾਈਬਲ ਸਕੂਲ** 17 ਅਪ੍ਰੈਲ ਤੋਂ 21 ਅਪ੍ਰੈਲ ਤੱਕ ਸਾਡੇ **ਸੈਂਟ ਪੌਲ ਮੈਟ੍ਰਿਕ ਸਕੂਲ ਵਿਖੇ ਕਰਵਾਇਆਗਿਆ**, ਜਿੱਥੇ ਬਹੁਤ ਸਾਰੇ ਬੱਚਿਆਂ ਨੇ ਹਿੱਸਾ ਲਿਆ। ਬਹੁਤ ਸਾਰੇ ਤੇਣ-ਭਰਾ ਬੱਚਿਆਂ ਨੂੰ ਸਿਖਾਉਣ ਅਤੇ ਉਨ੍ਹਾਂ ਨੂੰ ਪ੍ਰਭੂ ਵੱਲ ਲੈ



**ਸੈਂਟ ਪੌਲ ਮੈਟ੍ਰਿਕ ਸਕੂਲ ਦਾ ਟੀਚਿੰਗ ਅਤੇ ਗੈਰ-ਟੀਚਿੰਗ ਸਟਾਫ਼**



**ਸਾਡੇ ਸੰਤੋਸ਼ਪੁਰਮ ਕਲੀਸਿਯਾ ਵਿੱਚ ਬੱਚਿਆਂ ਲਈ ਛੁੱਟੀਆਂ ਦਾ ਬਾਈਬਲ ਸਕੂਲ**

ਅਸੀਂ 5 ਤੋਂ 10 ਮਈ ਤੱਕ ਚੇਪੌਕ ਵਿਖੇ ਆਪਣੇ ਮੁੱਖ ਕਲੀਸਿਯਾ ਵਿੱਚ ਅਤੇ 11 ਤੋਂ 17 ਮਈ ਤੱਕ ਬਾਲਾਜੀ ਨਗਰ ਅਤੇ ਵੇਲਾਚੇਰੀ ਵਿਖੇ ਆਪਣੇ ਸ਼ਾਖ ਕਲੀਸਿਯਾਵਾਂ ਵਿੱਚ ਵੈਕੇਸ਼ਨ ਬਾਈਬਲ ਸਕੂਲ ਵੀ ਚਲਾਵਾਂਗੇ।

ਸਰਕਾਰੀ ਹੁਕਮਾਂ ਅਨੁਸਾਰ, ਸਾਡਾ ਸਕੂਲ ਜੂਨ ਦੇ ਦੂਜੇ ਹਫ਼ਤੇ ਦੁਬਾਰਾ ਖੁੱਲ੍ਹੇਗਾ। ਕਿਰਪਾ ਕਰਕੇ ਇਸ ਸਿੱਖਿਆ ਸੇਵਕਾਈ ਲਈ ਪ੍ਰਾਰਥਨਾ ਕਰੋ, ਖਾਸ ਕਰਕੇ ਸਾਡੇ ਵਿਦਿਆਰਥੀਆਂ, ਅਧਿਆਪਨ ਸਟਾਫ਼ ਅਤੇ ਗੈਰ-ਅਧਿਆਪਨ ਸਟਾਫ਼ ਲਈ।

ਸਾਡੇ **ਨਹਮਯਾਹ ਬਾਈਬਲ ਕਾਲਜ** 1 ਜੂਨ 2026 ਨੂੰ ਦੁਬਾਰਾ ਖੁੱਲ੍ਹਣਗੇ। ਤਾਮਿਲ, ਅੰਗਰੇਜ਼ੀ ਅਤੇ ਹਿੰਦੀ ਵਿੱਚ ਪਾਠ ਪੇਸ਼ ਕੀਤੇ ਜਾਂਦੇ ਹਨ।

ਅਕਾਦਮਿਕ ਸਾਲ 2025-2026 ਲਈ, ਕਲਾਸਾਂ 30 ਮਈ ਨੂੰ ਸਮਾਪਤ ਹੋਣਗੀਆਂ, ਅਤੇ ਗ੍ਰੈਜੂਏਸ਼ਨ ਸਮਾਰੋਹ 4 ਜੁਲਾਈ 2026 ਨੂੰ ਸ਼ਾਮ 5:00 ਵਜੇ ਐਮ.ਆਰ.ਸੀ. ਹਾਲ, ਬਲਾਰ ਕਲਵੀ ਨਿਲਾਯਮ, ਰਿਦਰਡਾਨ ਰੋਡ, ਪੁਰਸਾਵਲਕਮ ਵਿਖੇ ਹੋਵੇਗਾ।

ਸਾਡੇ ਸਹਿ-ਕਰਮਚਾਰੀਆਂ ਲਈ ਅਤੇ ਸੇਵਕਾਈ ਦੀਆਂ ਜ਼ਰੂਰਤਾਂ ਲਈ ਕਿਰਪਾ ਕਰਕੇ ਪ੍ਰਾਰਥਨਾ ਕਰੋ। ਅਸੀਂ ਤੁਹਾਡੇ ਫੀਡਬੈਕ ਅਤੇ ਸੁਝਾਵਾਂ ਦਾ ਨਿੱਘਾ ਸਵਾਗਤ ਕਰਦੇ ਹਾਂ। ਕਿਰਪਾ ਤੁਹਾਡੇ ਸਾਰਿਆਂ ਨਾਲ ਰਹੇ। ਆਮੀਨ!

ਮਸੀਹ ਯਿਸੂ ਵਿੱਚ, ਤੁਹਾਡਾ ਸੇਵਕ
ਪਾਸਟਰ ਐਸ.ਸੈਮ ਸੇਲਵਾ ਰਾਜ
ਈ ਮੇਲ :sam@echoofhiscall.org

ਪੰਨਾ ਨੰਬਰ 1 ਤੋਂ ਅੱਗੇ ਜਾਰੀ

ਹੋਣ ਦਿੱਤਾ- ਇਸ ਨਾਲ ਬਹੁਤ ਦਿਲਾਸਾ ਮਿਲਦਾ ਹੈ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਵੀ ਇਸ ਵਾਅਦੇ ਦਾ ਦਾਅਵਾ ਕਰੋ।

ਪਰਮੇਸ਼ੁਰ ਨੇ ਕਿਸੇ ਨੂੰ ਵੀ ਮੈਨੂੰ ਨੁਕਸਾਨ ਨਹੀਂ ਪਹੁੰਚਾਉਣ ਦਿੱਤਾ!

ਇਹ ਇੱਕ ਅਜਿਹੇ ਆਦਮੀ ਬਾਰੇ ਇੱਕ ਡੂੰਘਾ ਬਿਆਨ ਹੈ ਜਿਸਨੇ ਇੱਕ ਵਾਰ ਆਪਣੇ ਭਰਾ ਨੂੰ ਧੋਖਾ ਦਿੱਤਾ, ਆਪਣੇ ਪਿਤਾ ਨਾਲ ਚਲਾਕੀ ਕੀਤੀ, ਅਤੇ ਅਸੀਸਾਂ ਦੀ ਭਾਲ ਵਿੱਚ ਦੂਜਿਆਂ ਨੂੰ ਧੋਖਾ ਦਿੱਤਾ। ਫਿਰ ਵੀ, ਯਾਕੂਬ ਦੇ ਜੀਵਨ ਵਿੱਚ ਕੁਝ ਅਸਾਧਾਰਨ ਵਾਪਰਿਆ। ਉਹ ਇੱਕ ਅਜਿਹੇ ਵਿਅਕਤੀ ਜੋ ਮਨੁੱਖੀ ਯੋਜਨਾਵਾਂ ਰਾਹੀਂ ਅਸੀਸਾਂ ਦੀ ਮੰਗ ਕਰਦਾ ਸੀ,ਤੋਂ ਇੱਕ ਅਜਿਹੇ ਆਦਮੀ ਵਿੱਚ ਬਦਲ ਗਿਆ ਜਿਸ ਨੇ ਸੱਚੀ ਅਸੀਸਾਂ ਲਈ ਪਰਮੇਸ਼ੁਰ ਨਾਲ ਕੁਸ਼ਤੀ ਕੀਤੀ ਸੀ।

ਯਾਕੂਬ ਦੀ ਕਹਾਣੀ ਸੱਚਮੁੱਚ ਮਨਮੋਹਕ ਹੈ। ਇਹ ਇੱਕ ਅਜਿਹਾ ਸਫ਼ਰ ਹੈ ਜਿੱਥੇ ਧੋਖੇਬਾਜ਼ ਨੂੰ ਧੋਖਾ ਦਿੱਤਾ ਜਾਂਦਾ ਹੈ, ਅਤੇ ਜਿਸਨੇ ਇੱਕ ਵਾਰ ਚਲਾਕੀ ਕੀਤੀ ਸੀ ਉਹ ਅੰਤ ਵਿੱਚ ਨਿਮਰ ਹੋ ਜਾਂਦਾ ਹੈ। ਯਾਕੂਬ ਦੀਆਂ ਕਮੀਆਂ, ਅਸਫਲਤਾਵਾਂ ਅਤੇ ਸੰਘਰਸ਼ਾਂ ਦੇ ਬਾਵਜੂਦ, ਪਰਮੇਸ਼ੁਰ ਉਸਦੇ ਨਾਲ ਰਿਹਾ। ਯਾਕੂਬ ਦੀਆਂ ਗਲਤੀਆਂ ਅਤੇ ਅਪੂਰਣ ਚੋਣਾਂ ਦੇ ਬਾਵਜੂਦ ਵੀ - ਪਰਮੇਸ਼ੁਰ ਆਪਣਾ ਮਕਸਦ ਪੂਰਾ ਕਰਦਾ ਰਿਹਾ ।

ਜਦੋਂ ਅਸੀਂ ਉਤਪਤ 31 ਪੜ੍ਹਦੇ ਹਾਂ, ਤਾਂ ਸਾਨੂੰ ਇੱਕ ਸ਼ਕਤੀਸ਼ਾਲੀ ਸੱਚਾਈ ਦਿਖਾਈ ਦਿੰਦੀ ਹੈ: ਪਰਮੇਸ਼ੁਰ ਆਪਣੀ ਯੋਜਨਾ ਨੂੰ ਪੂਰਾ ਕਰਨ ਲਈ ਕਿਸੇ ਵੀ ਹਾਲਾਤ ਦੀ ਵਰਤੋਂ ਕਰ ਸਕਦਾ ਹੈ।

ਜਦੋਂ ਯਾਕੂਬ ਦੌੜ ਰਿਹਾ ਸੀ, ਸੰਘਰਸ਼ ਕਰ ਰਿਹਾ ਸੀ, ਜਾਂ ਡਰ ਕਾਰਨ ਕੰਮ ਕਰ ਰਿਹਾ ਸੀ, ਉਦੋਂ ਵੀ ਪਰਮੇਸ਼ੁਰ ਉਸਦੀ ਅਗਵਾਈ ਕਰ ਰਿਹਾ ਸੀ, ਉਸਦੀ ਰੱਖਿਆ ਕਰ ਰਿਹਾ ਸੀ ਅਤੇ ਉਸਦੇ ਚੰਗੇ ਭਵਿੱਖ ਨੂੰ ਆਕਾਰ ਦੇ ਰਿਹਾ ਸੀ।

ਜੇ ਅਸੀਂ ਯਾਕੂਬ ਦੇ ਜੀਵਨ ਨੂੰ ਧਿਆਨ ਨਾਲ ਵੇਖੀਏ, ਤਾਂ ਅਸੀਂ ਇੱਕ ਅਜਿਹਾ ਆਦਮੀ ਦੇਖਦੇ ਹਾਂ ਜੋ ਚਲਾਕ, ਹੋਸ਼ਿਆਰ ਅਤੇ ਰਣਨੀਤਕ ਸੀ। ਉਹ ਜਾਣਦਾ ਸੀ ਕਿ ਹਾਲਾਤਾਂ ਨੂੰ ਕਿਵੇਂ ਬਦਲਣਾ ਹੈ। ਉਸਨੇ ਆਪਣੇ ਭਰਾ ਏਸਾਓ ਦਾ ਜਨਮ ਸਿੱਧ ਅਧਿਕਾਰ ਪ੍ਰਾਪਤ ਕੀਤਾ ਅਤੇ ਧੋਖੇ ਨਾਲ ਆਪਣੇ ਪਿਤਾ ਦਾ ਆਸ਼ੀਰਵਾਦ ਚੋਰੀ ਕੀਤਾ। ਯਾਕੂਬ ਵਿਸ਼ਵਾਸ ਕਰਦਾ ਸੀ ਕਿ ਉਹ ਆਪਣੇ ਯਤਨਾਂ ਦੁਆਰਾ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਕਰ ਸਕਦਾ ਹੈ - ਪਰ ਉਸਨੂੰ ਬਾਅਦ ਵਿੱਚ ਅਹਿਸਾਸ ਹੋਇਆ ਕਿ ਸੱਚੀ ਅਸੀਸ ਸਿਰਫ਼ ਪਰਮੇਸ਼ੁਰ ਤੋਂ ਮਿਲਦੀ ਹੈ, ਮਨੁੱਖੀ ਯਤਨਾਂ ਤੋਂ ਨਹੀਂ।

ਇਸ ਲਈ ਪਰਮੇਸ਼ੁਰ ਨੇ ਉਸਨੂੰ ਸੁਧਾਰਨਾ ਸ਼ੁਰੂ ਕਰ ਦਿੱਤਾ – ਨਰਮਾਈ ਨਾਲ ਨਹੀਂ ਸਗੋਂ ਅੱਗ ਵਿੱਚ ਸੋਨੇ ਵਾਂਗ। ਪਰਮੇਸ਼ੁਰ ਨੇ ਯਾਕੂਬ ਨੂੰ ਧੋਖਾ, ਕਠਿਨਾਈ, ਡਰ ਅਤੇ ਟਕਰਾਅ ਦਾ ਅਨੁਭਵ ਉਦੋਂ ਤੱਕ ਹੋਣ ਦਿੱਤਾ ਜਦ ਤੱਕ ਉਹ ਇੱਕ ਅਜਿਹੇ ਟੁੱਟਣ ਵਾਲੇ ਬਿੰਦੂ ਤੇ ਨਹੀਂ ਪਹੁੰਚ ਗਿਆ ਅਤੇ ਚੀਕਿਆ:



**ਮੈਂ ਤੈਨੂੰ ਜਾਣ ਨਹੀਂ ਦਿਆਂਗਾ**

***...ਮੈਂ ਤੈਨੂੰ ਨਹੀਂ ਜਾਣ ਦਿਆਂਗਾ ਜਦ ਤੀਕ ਤੂੰ ਬਰਕਤ ਨਾ ਦੇਵੇਂ*** । **- ਉਤਪਤ 32:26।**

ਇਹ ਤਬਦੀਲੀ ਰਾਤੋ-ਰਾਤ ਨਹੀ ਆਈ ਹੋਇਆ।ਪਰਮੇਸ਼ੁਰ ਯਾਕੂਬ ਨੂੰ ਇੱਕ ਲੰਬੀ ਅਤੇ ਮੁਸ਼ਕਲ ਯਾਤਰਾ ਵਿਚੋਂ ਲੈ ਕੇ ਗਿਆ।




## VERY URGENT NOTICE!

ਨੇੜਲੇ ਭਵਿੱਖ ਵਿੱਚ ਉਸ ਦੇ ਬੁਲਾਵੇ ਦੀ ਗੂੰਜ ਦੇ ਡਾਕ ਭੇਜਣ ਵਿੱਚ ਅਟੱਲ ਰੁਕਾਵਟਾਂ ਆ ਸਕਦੀਆਂ ਹਨ। ਜੇਕਰ ਤੁਸੀਂ ਬਿਨਾਂ ਕਿਸੇ ਰੁਕਾਵਟ ਦੇ ਉਸ ਦੇ ਬੁਲਾਵੇ ਦੀ ਗੂੰਜ ਪ੍ਰਾਪਤ ਕਰਨਾ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਆਪਣਾ ਨਾਮ, ਪਤਾ, ਈਮੇਲ ਅਤੇ ਵਟਸਐਪ ਨੰਬਰ ਪੱਤਰ, ਈਮੇਲ, ਫ਼ੋਨ ਕਾਲ, ਜਾਂ ਐਸ ਐਮ ਐਸ/ਵਟਸਐਪ ਸੁਨੇਹੇ ਰਾਹੀਂ ਤੁਰੰਤ ਭੇਜੋ। ਤੁਹਾਡੀ ਸਹਾਇਤਾ ਤੁਹਾਡੀ ਬਿਹਤਰ ਸੇਵਾ ਕਰਨ ਵਿੱਚ ਮਦਦ ਕਰਦੀ ਹੈ!

ਸਾਡਾ ਪਤਾ:

**ECHO OF HIS CALL,**
**10, Mohammed Abdullah 2nd Street, Chepauk, Chennai-600 005, India**
**Cell: (+91) 98412 71858 / 98410 71858 E.mail: sam@echoofhiscall.org**

ਫਿਰ ਵੀ, ਇਸ ਸਭ ਦੇ ਦੌਰਾਨ, ਪਰਮੇਸ਼ੁਰ ਕੋਲ ਨਿਯੰਤਰਨ ਸੀ। ਉਸਨੇ ਮਨੁੱਖਾਂ ਦੀਆਂ ਯੋਜਨਾਵਾਂ ਨੂੰ ਯਾਕੂਬ ਨੂੰ ਤਬਾਹ ਨਹੀਂ ਕਰਨ ਦਿੱਤਾ, ਕਿਉਂਕਿ ਉਸਦੀ ਯੋਜਨਾ ਯਾਕੂਬ ਦੀਆਂ ਗਲਤੀਆਂ ਨਾਲੋਂ ਵੱਡੀ ਸੀ।

## 1. ਜਦੋਂ ਲੋਕ ਸਾਜ਼ਿਸ਼ ਰਚਦੇ ਹਨ, ਤਾਂ ਪਰਮੇਸ਼ੁਰ ਰੋਕਦਾ ਹੈ!

ਯਾਕੂਬ ਦੇ ਜੀਵਨ ਵਿੱਚ, ਅਸੀ ਇੱਕ ਡੂੰਘਾ ਸਬਕ ਦੇਖਦੇ ਹਾਂ। ਆਪਣੇ ਪਿਤਾ ਅਤੇ ਭਰਾ ਨੂੰ ਧੋਖਾ ਦੇਣ ਤੋਂ ਬਾਅਦ, ਯਾਕੂਬ ਨੇ ਸੋਚਿਆ ਕਿ ਉਸਨੇ ਆਪਣਾ ਭਵਿੱਖ ਸੁਰੱਖਿਅਤ ਕਰ ਲਿਆ ਹੈ। ਪਰ ਪਰਮੇਸ਼ੁਰ ਉਸਨੂੰ ਇੱਕ ਡੂੰਘੀ ਸੱਚਾਈ ਸਿਖਾਉਣਾ ਚਾਹੁੰਦਾ ਸੀ: "ਮੈਂ ਬਰਕਤ ਦਾ ਸੱਚਾ ਸਰੋਤ ਹਾਂ।"



**ਮੇਰੀ ਮਜਦੂਰੀ ਨੂੰ ਦਸ ਵਾਰ ਬਦਲਿਆ**

ਇਹ ਸਿੱਖਣ ਲਈ, ਯਾਕੂਬ ਆਪਣੇ ਮਾਮੇ ਲਾਬਾਨ ਨਾਲ ਰਿਹਾ - ਇੱਕ ਆਦਮੀ ਜਿਸਨੇ ਯਾਕੂਬ ਨੂੰ ਆਪਣੀ ਦਵਾਈ ਦਾ ਸੁਆਦ ਚੱਖਾਇਆ। ਪਵਿੱਤਰ ਸ਼ਾਸਤਰ ਸਾਨੂੰ ਦੱਸਦਾ ਹੈ ਕਿ ਲਾਬਾਨ ਨੇ ... **ਮੇਰੀ (ਯਾਕੂਬ ਦੀ) ਮਜਦੂਰੀ ਦਸ ਵਾਰ ਬਦਲੀ ...** - ਉਤਪਤ 31:7। ਉਸਨੇ ਯਾਕੂਬ ਨੂੰ ਧੋਖਾ ਦੇਣ,ਉਸ ਨਾਲ ਚਲਾਕੀ ਕਰਨ ਅਤੇ ਉਸਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ।

ਪਰਮੇਸ਼ੁਰ ਨੇ ਇਹ ਇੱਕ ਮਕਸਦ ਲਈ ਇਜਾਜ਼ਤ ਦਿੱਤੀ - ਤਾਂ ਜੋ ਯਾਕੂਬ ਸਮਝ ਸਕੇ ਕਿ ਧੋਖਾ ਖਾਣ ਦਾ ਕੀ ਅਨੁਭਵ ਹੁੰਦਾ ਹੈ ਅਤੇ ਮਨੁੱਖੀ ਕੋਸ਼ਿਸ਼ਾਂ ਦੀ ਬਜਾਏ ਪਰਮੇਸ਼ੁਰ 'ਤੇ ਨਿਰਭਰਤਾ ਸਿੱਖ ਸਕੇ।

ਫਿਰ ਵੀ, ਇਸ ਸ਼ੁੱਧੀਕਰਨ ਪ੍ਰਕਿਰਿਆ ਦੌਰਾਨ ਵੀ, ਪਰਮੇਸ਼ੁਰ ਨੇ ਇੱਕ ਸੀਮਾ ਨਿਰਧਾਰਤ ਕੀਤੀ। ਇੱਕ ਸੀਮਾ ਸੀ ਜੋ ਲਾਬਾਨ ਪਾਰ ਨਹੀਂ ਕਰ ਸਕਦਾ ਸੀ। ਯਾਕੂਬ ਨੇ ਵਿਸ਼ਵਾਸ ਨਾਲ ਐਲਾਨ ਕੀਤਾ: ..... **ਪਰਮੇਸ਼ੁਰ ਨੇ ਉਸ ਤੋਂ ਮੈਨੂੰ ਘਾਟਾ ਪੈਣ ਨਾ ਦਿੱਤਾ** ਉਤਪਤ 31:7.

ਇਹ ਇੱਕ ਸ਼ਕਤੀਸ਼ਾਲੀ ਸੱਚਾਈ ਨੂੰ ਪ੍ਰਗਟ ਕਰਦਾ ਹੈ: ਪਰਮੇਸ਼ੁਰ ਦੇ ਬੱਚਿਆਂ ਵਿਰੁੱਧ ਹਰ ਯੋਜਨਾ ਦੀ ਇੱਕ ਈਸ਼ਵਰੀ ਸੀਮਾ ਹੁੰਦੀ ਹੈ।

• ਮਨੁੱਖ ਦੀ ਹਰ ਯੋਜਨਾ ਦੀ ਇੱਕ ਸੀਮਾ ਪਰਮੇਸ਼ੁਰ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ।

• ਹਰ ਹਮਲਾ ਉਸਦੇ ਅਧਿਕਾਰ ਦੁਆਰਾ ਰੋਕਿਆ ਜਾਂਦਾ ਹੈ।

• ਇਸੇ ਕਰਕੇ ਅਸੀਂ ਅੱਜ ਤੱਕ ਬਚੇ ਹੋਏ ਹਾਂ। ਪ੍ਰਭੂ ਦੀ ਉਸਤਤਿ ਕਰੋ!

ਯਸਾਯਾਹ 54:17 ਸਾਨੂੰ ਯਾਦ ਦਿਵਾਉਂਦਾ ਹੈ:

ਕੋਈ ਵੀ ਹਥਿਆਰ ਜੋ ਤੇਰੇ ਵਿਰੁੱਧ ਬਣਾਇਆ ਜਾਵੇ ਨਿਕੰਮਾ ਹੋਵੇਗਾ ...

ਹਥਿਆਰ ਸ਼ਾਇਦ ਬਣ ਸਕਦੇ ਹਨ।

ਹਮਲੇ ਸ਼ਾਇਦ ਹੋ ਸਕਦੇ ਹਨ।

ਤੁਹਾਡੇ ਪਰਿਵਾਰ, ਵਿਆਹ, ਕਾਰੋਬਾਰ, ਸੇਵਕਾਈ, ਜਾਂ ਬੁਲਾਵੇ ਦੇ ਵਿਰੁੱਧ ਸ਼ਾਇਦ ਯੋਜਨਾਵਾਂ ਬਣਾਈਆਂ ਜਾ ਸਕਦੀਆਂ ਹਨ।

ਪਰ ਜਿੰਨਾ ਚਿਰ ਅਸੀਂ ਪ੍ਰਭੂ ਦੇ ਨਾਲ-ਨਾਲ ਚੱਲਦੇ ਹਾਂ - ਵਫ਼ਾਦਾਰੀ ਅਤੇ ਨਜ਼ਦੀਕੀ ਨਾਲ - ਕੁਝ ਵੀ ਅੰਤ ਵਿੱਚ ਸਾਡੇ ਵਿਰੁੱਧ ਸਫਲ ਨਹੀਂ ਹੋਵੇਗਾ।

ਜਦੋਂ ਲੋਕ ਸਾਜ਼ਿਸ਼ ਰਚਦੇ ਹਨ, ਤਾਂ ਪਰਮੇਸ਼ੁਰ ਰੋਕਦਾ ਹੈ।

## 2. ਪਰਮੇਸ਼ੁਰ ਸਾਨੂੰ ਦਿਸਣ ਵਾਲੇ ਅਤੇ ਅਣਦੇਖੇ ਤੋਂ ਬਚਾਉਂਦਾ ਹੈ!

ਅਸੀ ਅਕਸਰ ਉਨ੍ਹਾਂ ਖ਼ਤਰਿਆਂ ਬਾਰੇ ਗਵਾਹੀ ਦਿੰਦੇ ਹਾਂ ਜੋ ਅਸੀਂ ਦੇਖ ਸਕਦੇ ਹਾਂ, ਪਰ ਅਸੀਂ ਉਨ੍ਹਾਂ ਅਣਗਿਣਤ ਅਣਦੇਖੇ ਖ਼ਤਰਿਆਂ ਨੂੰ ਭੁੱਲ ਜਾਂਦੇ ਹਾਂ ਜਿਨ੍ਹਾਂ ਤੋਂ ਪਰਮੇਸ਼ੁਰ ਸਾਡੀ ਰੱਖਿਆ ਕਰਦਾ ਹੈ। ਯਾਕੂਬ ਨੇ ਲਾਬਾਨ ਦੁਆਰਾ ਆਪਣੀ ਮਜਦੂਰੀ ਬਦਲਣ ਬਾਰੇ ਗੱਲ ਕੀਤੀ, ਪਰ ਬਹੁਤ ਸਾਰੀਆਂ



**ਜੰਗਲੀ ਜਾਨਵਰਾਂ ਨੇ ਜਾਨਵਰਾਂ ਨੂੰ ਪਾੜ ਦਿੱਤਾ**

ਸਾਰੀਆਂ ਲੁਕੀਆਂ ਧਮਕੀਆਂ ਸਨ। ਉਸਨੇ ਕਿਹਾ:**"ਅਰ ਫੱਟੜਾਂ ਨੂੰ ਮੈਂ ਤੇਰੇ ਕੋਲ ਨਹੀਂ ਲਿਆਂਦਾ ਸਗੋਂ ਉਨ੍ਹਾਂ ਦਾ ਘਾਟਾ ਮੈਂ ਝੱਲਿਆ"** (ਉਤਪਤ 31:39)।

ਜੋ ਜੰਗਲੀ ਜਾਨਵਰ ਇੱਜੜ 'ਤੇ ਹਮਲਾ ਕਰਦੇ ਸਨ, ਤਾਂ ਯਾਕੂਬ ਖੁਦ ਵੀ ਖ਼ਤਰੇ ਵਿੱਚ ਸੀ। ਚੋਰਾਂ, ਜੰਗਲੀ ਜਾਨਵਰਾਂ ਅਤੇ ਰਾਤ ਨੂੰ ਹਮਲੇ ਤੋਂ ਖ਼ਤਰੇ ਸਨ - ਫਿਰ ਵੀ ਪਰਮੇਸ਼ੁਰ ਨੇ ਉਸਨੂੰ ਬਚਾਇਆ।

ਯਾਕੂਬ ਹਰ ਖ਼ਤਰੇ ਨੂੰ ਨਹੀਂ ਜਾਣਦਾ ਸੀ - ਪਰ ਪਰਮੇਸ਼ੁਰ ਨੇ ਉਨ੍ਹਾਂ ਸਾਰਿਆਂ ਨੂੰ ਰੋਕ ਦਿੱਤਾ।

ਪ੍ਰਭੂ ਚੁੱਪ-ਚਾਪ ਉਸਦੀ ਜ਼ਿੰਦਗੀ ਦੇ ਹਰ ਵੇਰਵੇ 'ਤੇ ਨਜ਼ਰ ਰੱਖ ਰਿਹਾ ਸੀ।

**'ਯਹੋਵਾਹ ਸਾਰੀ ਬਦੀ ਤੋਂ ਤੇਰੀ ਰੱਛਿਆ ਕਰੇਗਾ,....।** - ਜ਼ਬੂਰ 121:7.

ਅਸੀਂ ਹਰ ਵੇਲੇ ਆਪਣੇ ਅਜ਼ੀਜ਼ਾਂ ਦੀ ਦੇਖ-ਭਾਲ ਨਹੀਂ ਕਰ ਸਕਦੇ – ਪਰ ਪਰਮੇਸ਼ੁਰ ਕਰ ਸਕਦਾ ਹੈ।ਉਸਨੇ ਸਾਨੂੰ ਕਿੰਨੇ ਅਣਦੇਖੇ ਖ਼ਤਰਿਆਂ ਤੋਂ ਬਚਾਇਆ ਹੈ? ਕਿੰਨੇ ਜਾਲਾਂ ਵੱਲ ਅਸੀ ਕਦੇ ਧਿਆਨ ਹੀ ਨਹੀਂ ਦਿੱਤਾ?

ਉਸਦੀ ਦਇਆ ਨੇ ਸਾਨੂੰ ਜਿਉਂਦਾ ਰੱਖਿਆ ਹੈ। ਜ਼ਬੂਰ 139 ਸਾਨੂੰ ਯਾਦ ਦਿਵਾਉਂਦਾ ਹੈ ਕਿ ਪਰਮੇਸ਼ੁਰ ਤੋਂ ਕੁਝ ਵੀ ਲੁਕਿਆ ਨਹੀਂ ਹੈ।

ਭਾਵੇਂ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਡੀਆਂ ਪ੍ਰਾਰਥਨਾਵਾਂ ਦੇ ਜਵਾਬ ਵਿੱਚ ਕੁਝ ਨਹੀਂ ਹੋ ਰਿਹਾ, ਪਰਮੇਸ਼ੁਰ ਪਰਦੇ ਪਿੱਛੇ ਕੰਮ ਕਰ ਰਿਹਾ ਹੈ - ਆਪਣੇ ਸੰਪੂਰਨ ਸਮੇਂ ( ਕਾਇਰੋਸ ) ਵਿੱਚ।

ਪਰਮੇਸ਼ੁਰ ਸਾਡੇ ਉੱਤੇ ਨਜ਼ਰ ਰੱਖ ਰਿਹਾ ਹੈ, ਭਾਵੇਂ ਅਸੀਂ ਉਸਨੂੰ ਕੰਮ ਕਰਦੇ ਹੋਏ ਨਹੀਂ ਦੇਖ ਸਕਦੇ।

## 3.ਪਰਮੇਸ਼ੁਰ ਮਨੁੱਖੀ ਫੈਸਲਿਆਂ ਨੂੰ ਉਲਟਾ ਦਿੰਦਾ ਹੈ!

ਪਰਮੇਸ਼ੁਰ ਦੇ ਪਿਆਰੇ ਬੱਚਿਓ, ਲੋਕ ਤੁਹਾਡੇ ਜੀਵਨ ਬਾਰੇ ਬਹੁਤ ਸਾਰੀਆਂ ਯੋਜਨਾਵਾਂ ਬਣਾ ਸਕਦੇ ਹਨ, ਪਰ ਪਰਮੇਸ਼ੁਰ ਕੋਲ ਹਰ ਮਨੁੱਖੀ ਫੈਸਲੇ ਨੂੰ ਉਲਟਾਉਣ ਦੀ ਸ਼ਕਤੀ ਹੈ।

ਯਾਕੂਬ ਦੇ ਜੀਵਨ ਵਿੱਚ, ਲਾਬਾਨ ਨੇ ਵਾਰ-ਵਾਰ ਸ਼ਰਤਾਂ ਬਦਲੀਆਂ - ਪਰ ਹਰ ਵਾਰ, ਪਰਮੇਸ਼ੁਰ ਨੇ ਨਤੀਜਾ ਬਦਲ ਦਿੱਤਾ।

.....ਪੰਨਾ ਨੰਬਰ 6 'ਤੇ ਜਾਰੀ

# GREAT COMMISSION PARTNERS
# ਮਹਾਨ ਆਦੇਸ਼ ਸਹਿਭਾਗੀ

TO SHARE (Galatians 6:2) SUPPORT (Romans 12:13) SPEEDUP (II Timothy 1:6

**ਵੰਡਣਾ (ਗਲਾਤੀਆਂ ੬:੨) ਸਹਾਇਤਾ ਕਰਨਾ(ਰੋਮੀਆਂ ੧੨:੧੩) ਤੇਜੀ ਕਰਨਾ (੨ਤਿਮੋਥੀਅਸ ੧:੬)**

19 ਜੂਨ 2026 ਤੋਂ ਜੁਲਾਈ 2026 ਤੱਕ

**(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)**

## ਵਡਿਆਈ ਦੇ ਮੁੱਦੇ

19 ਜੂਨ : ਸਾਨੂੰ ਸਮਰਪਿਤ ਸੰਪਾਦਕ ਦੇ ਸਹਾਇਕਾਂ ਨੂੰ ਅਸੀਸ ਜੋ ਸਾਡੇ **"ਉਸਦੇ ਬੁਲਾਵੇ ਦੀ ਗੂੰਜ"** ਰਸਾਲੇ ਨੂੰ 16 ਭਾਸ਼ਾਵਾਂ ਵਿੱਚ - ਸਮੇਂ ਸਿਰ, ਹਰ ਵਾਰ ਪ੍ਰਕਾਸ਼ਿਤ ਕਰਨ ਵਿੱਚ ਵਫ਼ਾਦਾਰੀ ਨਾਲ ਮਦਦ ਕਰਦੇ ਹਨ।

20 ਜੂਨ : ਰਿਹਾਇਸ਼ੀ ਅਤੇ ਸ਼ਾਮ ਦੇ ਨਹਮਯਾਹ ਬਾਈਬਲ ਕਾਲਜਾਂ ਲਈ ਵਿਦਿਆਰਥੀਆਂ ਦੇ ਦਾਖਲੇ ਲਈ ਸਾਡੇ ਯਤਨਾਂ ਨੂੰ ਅਸੀਸ ਦੇਣ ਲਈ।

21 ਜੂਨ : 1969 ਤੋਂ ਰਸਾਲਾ ਸੇਵਕਾਈ ਪ੍ਰਤੀ ਸਾਡੀ ਵਚਨਬੱਧਤਾ 'ਤੇ ਪਰਮੇਸ਼ੁਰ ਦੀ ਨਿਰੰਤਰ ਅਸੀਸ ਲਈ ।

22 ਜੂਨ : 10 ਅਪ੍ਰੈਲ 2026 ਨੂੰ ਸੇਂਟ ਪੌਲ ਮੈਟ੍ਰਿਕ ਸਕੂਲ ਦੇ ਸਾਲਾਨਾ ਦਿਵਸ ਅਤੇ ਕਿੰਡਰਗਾਰਟਨ ਗ੍ਰੈਜੂਏਸ਼ਨ ਸਮਾਰੋਹ ਨੂੰ ਅਸੀਸ ਦੇਣ ਲਈ।

23 ਜੂਨ : ਸਾਡੇ ਸ਼ੁਭਚਿੰਤਕਾਂ ਦੀ ਪ੍ਰਾਰਥਨਾ ਅਤੇ ਵਿੱਤੀ ਸਹਾਇਤਾ ਲਈ।

24 ਜੂਨ : **ਸੇਂਟ ਪੌਲ ਮੈਟ੍ਰਿਕ ਸਕੂਲ** ਨੂੰ ਅਕਾਦਮਿਕ ਸਾਲ 2025-2026 ਸਫਲਤਾਪੂਰਵਕ ਪੂਰਾ ਕਰਨ ਲਈ ਅਸੀਸ ਦੇਣ ਲਈ।

25 ਜੂਨ : **ਉਸ ਦੇ ਬੁਲਾਵੇ ਦੀ ਗੂੰਜ** ਮੁੱਖ ਕਲੀਸਿਯਾ ਅਤੇ ਇਸ ਦੀਆਂ ਸ਼ਾਖਾਵਾਂ ਦੀਆਂ ਕਲੀਸਿਯਾਵਾਂ ਦੇ ਆਗੂਆਂ ਅਤੇ ਵਿਸ਼ਵਾਸੀਆਂ ਦਾ ਉਤੇ ਅਸੀਸ ਦੇਣ ਲਈ।

26 ਜੂਨ : ਸਾਡੇ ਸ਼ਾਮ ਦੇ ਨਹਮਯਾਹ ਬਾਈਬਲ ਕਾਲਜਾਂ ਨੂੰ ਅਕਾਦਮਿਕ ਸਾਲ 2025–2026 ਨੂੰ ਸਫਲਤਾਪੂਰਵਕ ਪੂਰਾ ਕਰਨ ਲਈ ਅਸੀਸਾਂ ।

27 ਜੂਨ : ਸਾਡੀ ਮੁੱਖ ਕਲੀਸਿਯਾ ਅਤੇ ਸ਼ਾਖਾ ਕਲੀਸਿਯਾਵਾਂ ਦੁਆਰਾ ਆਯੋਜਿਤ ਵੈਕੇਸ਼ਨ ਬਾਈਬਲ ਸਕੂਲ ਨੂੰ ਅਸੀਸ ਦੇਣ ਲਈ।

28 ਜੂਨ : ਸਾਡੇ ਪ੍ਰਾਰਥਨਾ ਸਾਥੀ, ਸਬਸਕ੍ਰਾਈਬ ਕਰਨ ਵਾਲੇ ਸਾਥੀ, ਵਿਸ਼ਵਾਸ ਵਿੱਚ, ਜੀਵਨ ਸਾਥੀ, ਮਹਾਨ ਹੁੱਕਮ ਸਾਥੀ, ਬੇਨਤੀ ਕਰਨ ਵਾਲੇ ਸਾਥੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਲਈ।

29 ਜੂਨ : ਤਾਮਿਲ, ਤੇਲਗੂ, ਅੰਗਰੇਜ਼ੀ ਅਤੇ ਹਿੰਦੀ ਵਿੱਚ ਯੂਟਿਊਬ ਸੁਨੇਹੇ, ਉਸਦੇ ਬੁਲਾਵੇ ਦੀ ਗੂੰਜ ਨੂੰ ਅਸੀਸ ਦੇਣ ਲਈ।

30 ਜੂਨ : ਹੁਣ ਤੱਕ ਸੇਵਕਾਈ ਨੂੰ ਕਾਇਮ ਰੱਖਣ ਅਤੇ ਚਲਾਉਣ ਲਈ ਸਾਡੇ ਸਾਰੇ ਯਤਨਾਂ ਨੂੰ ਫਲਦਾਇਕ ਬਣਾਉਣ ਲਈ।

01 ਜੁਲਾਈ : ਉਸ ਦੇ ਬੁਲਾਵੇ ਦੀ ਗੂੰਜ ਦੇ ਸਟਾਫ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅਸੀਸ ਅਤੇ ਸੁਰੱਖਿਆ ਪ੍ਰਦਾਨ ਕਰਨ ਲਈ।

02 ਜੁਲਾਈ :ਜਵਾਨਾਂ ਬਚਿਆਂ ਦੇ ਲਾਭ ਲਈ, ਸਾਡੀ ਗਲੋਬਲ ਵਿਜ਼ਨ ਫਾਰ ਯੂਥ ਐਂਡ ਕਿਡ ਕੇਅਰ ਨਾਮਕ ਸੇਵਕਾਈ ਨੂੰ ਅਸੀਸ ਲਈ।

03 ਜੁਲਾਈ : 16 ਮਈ 2026 ਨੂੰ ਆਯੋਜਿਤ ਸਾਡੇ **ਨਹਮਯਾਹ ਬਾਈਬਲ ਕਾਲਜ** ਦੇ ਸਾਬਕਾ ਵਿਦਿਆਰਥੀਆਂ ਨੂੰ ਅਸੀਸ ਦੇਣ ਲਈ।

## ਪ੍ਰਾਰਥਨਾ ਦੇ ਮੁੱਦੇ

04 ਜੁਲਾਈ : ਦੁਨੀਆ ਭਰ ਦੇ ਲੋਕਾਂ ਲਈ ਜੋ ਗੰਭੀਰ ਬਿਮਾਰੀਆਂ ਅਤੇ ਨਿਰਾਸ਼ਾ ਤੋਂ ਪ੍ਰਭਾਵਿਤ ਹਨ, ਛੁਟਕਾਰਾ।

05 ਜੁਲਾਈ : ਇਸ ਮਹੀਨੇ ਦੀਆਂ ਸਾਰੀਆਂ ਵਿੱਤੀ ਜ਼ਰੂਰਤਾਂ ਲਈ ਪ੍ਰਬੰਧ ਹੋਵੇ।

06 ਜੁਲਾਈ : ਉਨ੍ਹਾਂ ਬੱਚਿਆਂ ਅਤੇ ਨੌਜਵਾਨਾਂ ਲਈ ਛੁਟਕਾਰਾ ਜੋ ਨਸ਼ਿਆਂ ਦੇ ਆਦੀ ਹਨ ਅਤੇ ਸਕੂਲਾਂ ਅਤੇ ਕਾਲਜਾਂ ਵਿੱਚ ਅਨਿਯਮਿਤ ਹਨ।

07 ਜੁਲਾਈ : ਦੁਨੀਆ ਭਰ ਵਿੱਚ ਆਯੋਜਿਤ ਵੇਕੇਸ਼ਨ ਬਾਈਬਲ ਸਕੂਲ ਕਲਾਸਾਂ ਦੌਰਾਨ ਨਜਾਤ ਪਾਏ ਹੋਏ ਬੱਚੇ ਅਤੇ ਨੌਜਵਾਨਾਂ ਲਈ ਪ੍ਰਾਰਥਨਾ।

08 ਜੁਲਾਈ :ਅਕਾਦਮਿਕ ਸਾਲ 2026-2027 ਲਈ ਸੇਂਟ ਪੌਲ ਮੈਟ੍ਰਿਕ ਸਕੂਲ ਵਿੱਚ ਨਵੇਂ ਵਿਦਿਆਰਥੀਆਂ ਦੇ ਦਾਖਲੇ ਦੇ ਲਈ।

09 ਜੁਲਾਈ :ਅਕਾਦਮਿਕ ਸਾਲ 2026-2027 ਲਈ ਸਾਡੇ ਰਿਹਾਇਸ਼ੀ ਅਤੇ ਸ਼ਾਮ ਦੇ ਨਹਮਯਾਹ ਬਾਈਬਲ ਕਾਲਜਾਂ ਵਿੱਚ ਯੋਗ ਵਿਦਿਆਰਥੀਆਂ ਦੇ ਦਾਖਲੇ ਲਈ।

10 ਜੁਲਾਈ :ਦੂਰ-ਦੁਰਾਡੇ ਇਲਾਕਿਆਂ ਵਿੱਚ ਪਹੁੰਚ ਤੋਂ ਬਾਹਰ ਲੋਕਾਂ ਦੇ ਸਮੂਹਾਂ ਵਿੱਚ ਖੁਸ਼ਖਬਰੀ ਫੈਲਾਉਣ ਵਾਲੇ ਮਿਸ਼ਨਰੀਆਂ ਲਈ ਈਸ਼ਵਰੀ ਸੁਰੱਖਿਆ ਲਈ।

11 ਜੁਲਾਈ :ਮਾਪਿਆਂ ਲਈ ਆਪਣੇ ਬੱਚਿਆਂ ਅਤੇ ਜਵਾਨੀ ਦੀ ਪਰਵਰਿਸ਼ ਵਿੱਚ ਈਸ਼ਵਰੀ ਮਾਰਗਦਰਸ਼ਨ।

12 ਜੁਲਾਈ :ਨੌਜਵਾਨ ਪੀੜ੍ਹੀ ਲਈ ਪ੍ਰਾਰਥਨਾ ਕਰਨ ਲਈ ਸਾਡੇ ਗਲੋਬਲ ਵਿਜ਼ਨ ਫਾਰ ਯੂਥ ਐਂਡ ਕਿਡ ਕੇਅਰ ਮਿਨਿਸਟਰੀ ਵਿੱਚ ਹੋਰ ਲੋਕ ਸ਼ਾਮਲ ਹੋਣ ਲਈ।

13 ਜੁਲਾਈ : ਪਰਮੇਸ਼ੁਰ ਆਪਣੇ ਉਸਦੇ ਬੁਲਾਵੇ ਦੀ ਗੂੰਜ ਦੇ ਸੇਵਕਾਂ ਲਈ ਹੋਰ ਸਮਰਪਿਤ ਕਾਮੇ ਪ੍ਰਬੰਧ ਕਰੇ।

14 ਜੁਲਾਈ : ਦੁਨੀਆ ਭਰ ਦੇ ਸਾਰੀਆਂ ਕਲੀਸਿਯਾਵਾਂ ਦੇ ਸੰਪਰਦਾਵਾਂ ਵਿੱਚ ਬੇਦਾਰੀ ਦੇਵੇ ।

15 ਜੁਲਾਈ : ਸਾਡੇ ਸੀਨੀਅਰ ਪਾਦਰੀ, ਐਸ. ਸੈਮ ਸੇਲਵਾ ਰਾਜ, ਅਤੇ ਉਨ੍ਹਾਂ ਦੇ ਪਰਿਵਾਰ ਨੂੰ ਹਰ ਤਰ੍ਹਾਂ ਦੀ ਬੁਰਾਈ ਤੋਂ ਪਰਮੇਸ਼ੁਰ ਦੀ ਨਿਰੰਤਰ ਸੁਰੱਖਿਆ ਮਿਲਣ ਲਈ।

16 ਜੁਲਾਈ :ਪਰਮੇਸ਼ੁਰ ਸਾਨੂੰ ਧਰਤੀ ਉੱਤੇ ਉਸਦਾ ਰਾਜ ਸਥਾਪਿਤ ਕਰਨ ਲਈ ਵੱਡਾ ਦਰਸ਼ਣ ਪ੍ਰਦਾਨ ਕਰੇ।

17 ਜੁਲਾਈ: ਪੂਰੀ ਦੁਨੀਆ ਵਿੱਚ ਸ਼ਾਂਤੀ ਕਾਇਮ ਰਹਿਣ ਲਈ।

18 ਜੁਲਾਈ : ਸਾਡੇ ਸੀਨੀਅਰ ਪਾਦਰੀ ਦੀ ਆਤਮ ਕਥਾ ਦੀ ਸਫਲਤਾ ਪੂਰਵਕ ਸਮਾਪਤੀ ਹੋਣ ਲਈ।

....ਪੰਨਾ 4 ਤੋਂ ਜਾਰੀ

ਪਰਮੇਸ਼ੁਰ ਨੇ ਨਤੀਜਾ ਬਦਲ ਦਿੱਤਾ।

ਜੇ ਪਰਮੇਸ਼ੁਰ ਨੇ ਇਹ ਯਾਕੂਬ ਲਈ ਕੀਤਾ ਹੈ, ਤਾਂ ਉਹ ਤੁਹਾਡੇ ਲਈ ਵੀ ਕਰ ਸਕਦਾ ਹੈ।

ਕੁਝ ਹਾਲਾਤ ਤੁਹਾਡੇ ਵਿਰੁੱਧ ਕੰਮ ਕਰ ਸਕਦੇ ਹਨ:
- ਇੱਕ ਫੈਸਲਾ
- ਇੱਕ ਨਿਦਾਨ
- ਪ੍ਰੀਖਿਆ ਦਾ ਨਤੀਜਾ
- ਦੂਜਿਆਂ ਦੁਆਰਾ ਲਿਆ ਗਿਆ ਫੈਸਲਾ

ਪਰ ਪਰਮੇਸ਼ੁਰ ਉਨ੍ਹਾਂ ਸਾਰਿਆਂ ਨੂੰ ਉਲਟਾ ਸਕਦਾ ਹੈ।



**ਸਾਨੂੰ ਉਸ ਦੇ ਸਾਹਮਣੇ ਆਉਣ ਦੀ ਅਤੇ ਪ੍ਰਾਰਥਨਾ ਕਰਨ ਦੀ ਜ਼ਰੂਰਤ ਹੈ**

ਸਾਨੂੰ ਸਿਰਫ਼ ਉਸਦੇ ਸਾਹਮਣੇ ਆਉਣਾ ਅਤੇ ਪ੍ਰਾਰਥਨਾ ਕਰਨੀ ਹੈ:

**"ਪ੍ਰਭੂ, ਤੁਸੀਂ ਮੇਰੇ ਪਿਤਾ ਹੋ। ਮੈਂ ਤੁਹਾਡਾ ਬੱਚਾ ਹਾਂ। ਕਿਰਪਾ ਕਰਕੇ ਮੇਰੀ ਮਦਦ ਕਰੋ।"**

ਜਦੋਂ ਅਸੀਂ ਆਪਣੇ ਆਪ ਨੂੰ ਨਿਮਰ ਬਣਾਉਂਦੇ ਹਾਂ, ਆਪਣੇ ਪਾਪਾਂ ਦਾ ਇਕਰਾਰ ਕਰਦੇ ਹਾਂ, ਅਤੇ ਉਸਦੀ ਮਦਦ ਮੰਗਦੇ ਹਾਂ, ਤਾਂ ਉਹ ਦਇਆ ਅਤੇ ਸ਼ਕਤੀ ਨਾਲ ਜਵਾਬ ਦਿੰਦਾ ਹੈ।

**... ਜਿਹੜਾ ਉਹ ਖੋਲ੍ਹਦਾ ਹੈ ਉਸਨੂੰ ਕੋਈ ਬੰਦ ਨਹੀਂ ਕਰ ਸਕਦਾ, ਅਤੇ ਜਿਹੜਾ ਉਹ ਬੰਦ ਕਰਦਾ ਹੈ ਉਸਨੂੰ ਕੋਈ ਖੋਲ੍ਹ ਨਹੀਂ ਸਕਦਾ।** - ਪ੍ਰਕਾਸ਼ ਦੀ ਪੋਥੀ 3:7।

ਮਨੁੱਖੀ ਅਧਿਕਾਰ ਅਸਲੀ ਹੈ – ਪਰ ਪਰਮੇਸ਼ੁਰ ਦੀ ਪ੍ਰਭੂਸੱਤਾ ਪੱਕੀ ਹੈ।

## 4.ਪਰਮੇਸ਼ੁਰ ਬੇਇਨਸਾਫ਼ੀ ਨੂੰ ਵਾਧੇ ਵਿੱਚ ਬਦਲ ਦਿੰਦਾ ਹੈ!

ਕਈ ਵਾਰ, ਭਾਵੇਂ ਅਸੀ ਵਫ਼ਾਦਾਰੀ ਨਾਲ ਜੀਉਂਦੇ ਹਾਂ, ਜ਼ਿੰਦਗੀ ਬੇਇਨਸਾਫ਼ੀ ਜਾਪ ਸਕਦੀ ਹੈ। ਅਸੀਂ ਹੈਰਾਨ ਸਕਦੇ ਹਾਂ:



- ਮੈਂ ਪਰਮੇਸ਼ੁਰ ਤੋਂ ਡਰਦਾ ਹਾਂ - ਮੈਂ ਦੂਜਿਆਂ ਵਾਂਗ ਮੁਬਾਰਕ ਕਿਉਂ ਨਹੀਂ ਹਾਂ?
- ਪਰਮੇਸ਼ੁਰ ਨੂੰ ਨਜ਼ਰਅੰਦਾਜ਼ ਕਰਨ ਵਾਲੇ ਲੋਕ ਕਿਉਂ ਖੁਸ਼ਹਾਲ ਹੁੰਦੇ ਜਾਪਦੇ ਹਨ?
- ਕੀ ਧਰਮੀ ਢੰਗ ਨਾਲ ਜੀਉਣ ਦਾ ਕੋਈ ਮੁੱਲ ਹੈ?

ਪਿਆਰੇ ਮਿਤਰੋ, ਦੁਨੀਆਂ ਵਿੱਚ ਜੋ ਵੀ ਖੁਸ਼ਹਾਲ ਦਿਖਾਈ ਦਿੰਦਾ ਹੈ ਉਹ ਅਕਸਰ ਅਸਥਾਈ ਹੁੰਦਾ ਹੈ। ਪਰ ਤੁਹਾਡੇ ਸਾਹਮਣੇ ਆਉਣ ਵਾਲਾ ਹਰ ਅਨਿਆਂ – ਪਰਮੇਸ਼ੁਰ ਇਸਨੂੰ ਤੁਹਾਨੂੰ ਮਜ਼ਬੂਤ ਕਰਨ, ਵਧਾਉਣ ਅਤੇ ਉੱਚਾ ਚੁੱਕਣ ਲਈ ਵਰਤੇਗਾ।

**ਯਾਕੂਬ ਵੱਲ ਦੇਖੋ:**

ਜਦੋਂ ਲਾਬਾਨ ਨੇ ਕਿਹਾ 'ਧੱਬੇਦਾਰ', ਤਾਂ ਪਰਮੇਸ਼ੁਰ ਨੇ ਇੱਜੜਾਂ ਨੂੰ ਧੱਬੇਦਾਰ ਬਣਾ ਦਿੱਤਾ।

ਜਦੋਂ ਉਸਨੇ ਕਿਹਾ 'ਧਾਰੀਦਾਰ', ਤਾਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਧਾਰੀਦਾਰ ਬਣਾ ਦਿੱਤਾ।



**ਜਦੋਂ ਯਾਕੂਬ ਨੇ ਕਿਹਾ ਧੱਬੇਦਾਰ ਤਾਂ ਪਰਮੇਸ਼ੁਰ ਨੇ ਇਜੜ ਨੂੰ ਧੱਬੇਦਾਰ ਬਣਾ ਦਿੱਤਾ**

ਜਿੰਨਾ ਜ਼ਿਆਦਾ ਲਾਬਾਨ ਉਸ ਉੱਤੇ ਜ਼ੁਲਮ ਕਰਦਾ ਸੀ, ਓਨਾ ਹੀ ਜ਼ਿਆਦਾ ਪਰਮੇਸ਼ੁਰ ਉਸਨੂੰ ਖੁਸ਼ਹਾਲ ਕਰਦਾ ਸੀ।

**... ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ...** — ਰੋਮੀਆਂ 8:28.

ਬੇਇਨਸਾਫ਼ੀ ਵੀ ਪਰਮੇਸ਼ੁਰ ਦੇ ਹੱਥਾਂ ਵਿੱਚ ਇੱਕ ਔਜ਼ਾਰ ਬਣ ਜਾਂਦੀ ਹੈ।

ਉਨ੍ਹਾਂ ਤੋਂ ਨਾ ਡਰੋ ਜੋ ਤੁਹਾਡੇ ਨਾਲ ਬੁਰਾ ਸਲੂਕ ਕਰਦੇ ਹਨ।

ਉਨ੍ਹਾਂ ਲੋਕਾਂ ਤੋਂ ਨਿਰਾਸ਼ ਨਾ ਹੋਵੋ ਜੋ ਤੁਹਾਡੇ ਨਾਲ ਗਲਤ ਕਰਦੇ ਹਨ।

ਦੁਸ਼ਮਣ ਜੋ ਬੁਰਾਈ ਦਾ ਇਰਾਦਾ ਰੱਖਦਾ ਹੈ, ਪਰਮੇਸ਼ੁਰ ਉਸਨੂੰ ਅਸੀਸ ਵਿੱਚ ਬਦਲ ਦੇਵੇਗਾ।

ਉਸਨੂੰ ਫੜੀ ਰੱਖੋ - ਉਹ ਹਰ ਬੇਇਨਸਾਫ਼ੀ ਨੂੰ ਵਾਧੇ ਵਿੱਚ ਬਦਲ ਦੇਵੇਗਾ।

## 5. ਜਦੋਂ ਪਰਮੇਸ਼ੁਰ ਤੁਹਾਨੂੰ ਇਸ ਵੱਲ ਲੈ ਜਾਂਦਾ ਹੈ,ਉਹ ਤੁਹਾਨੂੰ ਇਸ ਦੁਆਰਾ ਲੈ ਕੇ ਆਵੇਗਾ!

ਯਾਕੂਬ ਆਪਣੇ ਪਿਤਾ ਦੇ ਘਰੋਂ ਭੱਜ ਕੇ ਆਪਣੀ ਜਾਨ ਬਚਾਉਣ ਲਈ ਭੱਜਿਆ, ਉਸ ਕੋਲ ਪਰਮੇਸ਼ੁਰ ਦੇ ਵਾਅਦੇ ਤੋਂ ਇਲਾਵਾ ਕੁਝ ਨਹੀਂ ਸੀ:

...ਪੰਨਾ 9 'ਤੇ ਜਾਰੀ ਹੈ

NEHEMIAH BIBLE COLLEGES,
Rush for Admission!
Chepauk, Santhoshapuram & Velachery Chennai.
Diploma in Theology &
Bachelor of Theology
Medium :Tamil (Part Time)
Hindi (Part Time)
Qualification : 10th Standard & above
Recognised by
International Christian Leaders &
Senior Pastors for the past 56 years
Contact :
The Chairman, Nehemiah Bible College.
10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

## ਕਿਰਪਾ ਕਰਕੇ ਸਾਡੇ ਮੁੱਖ ਦਫਤਰ ਦੀਆਂ ਸੇਵਕਾਈਆਂ ਲਈ ਪ੍ਰਾਰਥਨਾ ਕਰੋ

1. ਪ੍ਰਾਰਥਨਾ ਸਭਾ : 24 ਘੰਟੇ
2. **ਬੁਲਾਵੇ ਦੀ ਗੂੰਜ - ਮਹੀਨੇਵਾਰ ਪੱਤ੍ਰਿਕਾ :ਅੰਗਰੇਜੀ**, ਤਾਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਨੇਪਾਲੀ, ਅਸਾਮੀ, ਪੰਜਾਬੀ, ਉਰਦੂ, ਸਿਨਹਾਲਾ ਅਤੇ ਅਫਰੀਕਨ
3. **ਬਾਈਬਲ ਕੋਰ – ਬਾਈਬਲ ਬੁਨਿਆਦੀ ਕੋਰਸ (ਅੰਗ੍ਰੇਜ਼ੀ,ਤਮਿਲ ਅਤੇ ਹਿੰਦੀ)**
4. ਥਿਓਲੋਜਿਕਲ ਪੱਤਰ ਵਿਵਹਾਰ ਕਾਲਜ ਅੰਗਰੇਜੀ ਅਤੇ **ਤਾਮਿਲ**
5. ਨਹਮਯਾਹ ਬਾਈਬਲ ਕਾਲੇਜ : (ਚੇਪੌਕ,ਸੰਤੋਸ਼ਾਪੁਰਮ ਅਤੇ **ਵੇਲਾਚੇਰੀ)**
6. ਸ਼ਾਖਾ ਕਲੀਸਿਯਾਵਾਂ : **ਸੰਤੋਸ਼ਾਪੁਰਮ,ਬਾਲਾਜੀ ਨਗਰ ਅਤੇ ਵੇਲਾਚੇਰੀ**
7. ਮਹਾਨ ਉਦੇਸ਼ ਸਹਿਭਾਗੀ (ਪਾਸਟਰਾਂ ਦਾ ਨੇਟਵਰਕ)
8. ਟ੍ਰੇਨਿੰਗ ਪ੍ਰੋਗਰਾਮ – ਸੇਮਿਨਰੀ ਅਤੇ **ਰਿਟ੍ਰੀਟ**
9. ਚੰਗਾਈ ਸਭਾ (ਕਰੂਸੇਡ)
10 ਕਿਤਾਬਾਂ ਦੀ ਵੰਡ ਅਤੇ **ਫ਼ਾਲੋਅਪ ਕਰਨਾ** (ਅੱਗੇ ਦੀ ਕਾਰਵਾਈ ਕਰਨਾ)
11. ਇੰਜੀਲ ਦੀ ਪ੍ਰਿੰਟਿੰਗ ਪ੍ਰੈੱਸ : ਪ੍ਰਕਾਸ਼ਨ
12. ਸੇਂਟ ਪੌਲ ਮੇਟ੍ਰੀਕੁਲੇਸ਼ਨ ਸਕੂਲ - ਵਿਲੇਜ ਇੰਗਲਿਸ਼ ਹਾਈ ਸਕੂਲ

| | | |
|---|---|---|
| 13.ਸੰਡੇ ਸਕੂਲ ਚੇਪੌਕ | : | 10:30 ਸਵੇਰੇ ਐਤਵਾਰ (ਵੇਲਾਚੇਰੀ,ਬਾਲਾਜੀ ਨਗਰ ਅਤੇ ਸੰਤੋਸ਼ਾਪੁਰਮ )**3:00 ਦੋਪਹਿਰ** |
| 14. ਸਵੇਰੇ ਤੜਕੇ ਦੀ ਪ੍ਰਾਰਥਨਾ | : | 5::30 ਸਵੇਰੇ,ਐਤਵਾਰ |
| 15 .ਸ਼ੁਰੂਆਤੀ ਪ੍ਰਾਰਥਨਾ | : | 8:00 ਬਜੇ, ਸਵੇਰੇ ਐਤਵਾਰ |
| 16. ਤਮਿਲ ਪ੍ਰਾਰਥਨਾ | : | 8:30 ਬਜੇ ਸਵੇਰੇ ਐਤਵਾਰ |
| 17. ਜਵਾਨਾਂ ਦੀ ਸਭਾ | : | 11:00 ਬਜੇ ਸਵੇਰੇ ਐਤਵਾਰ |
| 18. ਸੰਗਤ ਦੇ ਨਾਲ ਦੋਪਹਰ ਦਾ ਖਾਣਾ | : | 1:00 ਬਜੇ, ਦੋਪਹਰ ਐਤਵਾਰ |
| 19. ਤੇਲਗੂ ਸਭਾ | : | 4:00 ਬਜੇ ਐਤਵਾਰ |
| 20. ਹਿੰਦੀ ਸਭਾ | : | 5:00 ਬਜੇ ਸ਼ਾਮ ਐਤਵਾਰ |
| 21 . ਤਮਿਲ ਅਤੇ ਅੰਗ੍ਰੇਜ਼ੀਸਭਾ | : | 6:00 ਬਜੇ ਸ਼ਾਮ ਐਤਵਾਰ |
| 22 .ਫੀਡਬੇਕ ਸਮਾਂ ( ਅੱਗੇ ਦੀ ਕਾਰਵਾਈ) | : | 7:30 ਬਜੇ ਸਵੇਰੇ ਐਤਵਾਰ |
| 23 .ਔਰਤਾਂ ਦੀ ਪ੍ਰਾਰਥਨਾ | : | **5:30 ਪਹਿਲੇ ਬੁੱਧਵਾਰ** |
| 24.ਹਿੰਦੀ ਪ੍ਰਾਰਥਨਾ | : | 7:00 ਬਜੇ ਬੁਧਵਾਰ |
| 25.ਆਦਮੀਆਂ ਦੀ ਪ੍ਰਾਰਥਨਾ | : | **7:30 ਬਜੇ ਸ਼ਾਮ, ਸ਼ੁਕਰਵਾਰ** |
| 26.ਚੇਲਿਆਂ ਦੀ ਪ੍ਰਾਰਥਨਾ | : | **6:00 ਸ਼ਾਮ ਬਜੇ ਸ਼ਨੀਵਾਰ** |
| 27.ਘਰੇਲੂ ਪ੍ਰਾਰਥਨਾ | : | **6:30 ਬਜੇ ਸ਼ਾਮ, ਮੰਗਲਵਾਰ ਅਤੇ ਵੀਰਵਾਰ** |
| 28.ਖਾਸ ਪ੍ਰਭੂ ਭੋਜ | : | 6 ਬਜੇ ਹਰੇਕ ਮਹੀਨੇ ਪਹਿਲੇ **ਦਿਨ ਸਵੇਰੇ** |
| 29.ਸੇਵਕਾਂ ਦੀ ਸਭ | : | **5:30 ਸ਼ਾਮ, ਪਹਿਲੇ ਸ਼ਨੀਵਾਰ** |
| 30..ਮਾਪਿਆਂ ਦੀ ਸਭਾ | : | **4:00 ਬਜੇ ਦੋਪਹਰ ਪਹਿਲੇ ਐਤਵਾਰ** |
| 31.ਰਾਤ ਦੀ ਪ੍ਰਾਰਥਨਾ | : | **9:30 ਰਾਤ ਤੀਸਰੇ ਸ਼ੁਕਰਵਾਰ** |
| 32.ਰੋਜ਼ਾ ਪ੍ਰਾਰਥਨਾ | : | **9:30 ਸਵੇਰੇ ਦੂਸਰੇ ਸ਼ਨੀਵਾਰ** |
| 33.ਪ੍ਰਭੂ ਭੋਜ | : | **ਦੂਸਰੇ ਐਤਵਾਰ ਦੀ ਸਭਾ** |
| 34. ਜਵਾਨਾਂ/ਬਚਿਆਂ ਦੀ ਪ੍ਰਾਰਥਨਾ | : | **10:00 ਬਜੇ,ਰਾਤ ਐਤਵਾਰ ਹਰ ਰੋਜ਼ (ਫੋਨ ਤੇ')** |
| 35. ਸਟਾਫ਼ ਨਾਲ ਭਗਤੀ | : | 9 ਬਜੇ ਸਵੇਰੇ ਹਰ ਰੋਜ |
| 36. ਦਫਤਰ | : | **9 ਬਜੇ ਸਵੇਰ ਤੋ 9:00 ਬਜੇ ਰਾਤ ਤੱਕ** (ਐਤਵਾਰ ਤੋਂ ਬਿਨਾਂ ) |

## Echo of His Call Postal Courses for candidates in India

### 1. BIBLECOR

We offer Postal Course on Basic Truths of The Bible to new Christians and non-Christians in English – 57 pages, Hindi – 76 pages & Tamil – 96 pages. You will get a Course Book entitled **New Life – For You!** **After the completion of this course, you will get a certificate. There will be no compulsory fees. You will be blessed!** - Editor

### 2. THEOLOGICAL CORRESPONDENCE COURSE

Advanced Distance Education called **Theological Correspondence Course** is available in English – 537 pages and Tamil – 652 pages for Pastors, Evangelists, Christian Leaders and for lay people who have passion to do God's Ministry! A fee of Rs. 1000/- is charged. 7 Books with 149 Chapters are supplied. **Certificate in Ministry** will be awarded. **God will bless you!**

***For more details, write to us.***

**The Chairman, Nehemiah Bible College,**
**Echo of His Call, Post Box 2957**
CHEPAUK, CHENNAI - 600 005.
**Ph.: (044) 2852 8282, 2852 9293, 2854 7766,**
**Cell : 98410 71852, 95661 31858**
**E.mail : biblecor@yahoo.co.in**

## A good opportunity to get Echo of His Call monthly magazine at free of cost

If you could send the addresses of your friends / relatives through post, letter, e.mail, WhatsApp or phone to us, we will dispatch **Echo of His Call** monthly magazine to them at free of cost.

## TAX EXEMPTION

Donations by any individual or organization from India to **Echo of His Call Educational Trust** are eligible for Income Tax exemption under Section 80G of the Income Tax Act. Official receipts will be issued for this purpose. Please make your Demand Drafts / Cheques / M.O. for such donations in favour of **Echo of His Call Educational Trust** and send to us, along with your Aadhar Number and PAN for getting Income Tax Exemption.

| | | |
|---|---|---|
| Account Name | : | ECHO OF HIS CALL EDUCATIONAL TRUST |
| Account Number | : | 1023 2923 805 |
| Bank Name | : | STATE BANK OF INDIA |
| Branch | : | TRIPLICANE, CHENNAI - 600 005 |
| IFSC Code | : | SBIN 0000249 |
| SWIFT Code | : | SBI NIN BB 455 |



# ਟੋਏ ਤੋਂ ਮਹੱਲ ਤੱਕ

## PIT TO PALACE

**(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)**

**"ਜਿਹੜਾ ਪੜ੍ਹੇ, ਉਹ ਸਮਝੇ"** (ਮੱਤੀ ੨੪:੧੫)

## ਮੈਂ ਜਾਣਦਾ ਹਾਂ ਕਿ ਮੇਰਾ ਛੁਡਾਉਣ ਵਾਲਾ ਜਿਉਂਦਾ ਹੈ। (ਅਯੂਬ 19:25)

ਮੇਰੀ ਸੇਵਕਾਈ ਦੇ ਸ਼ੁਰੂਆਤੀ ਦਿਨਾਂ ਵਿੱਚ ਪਰਮੇਸ਼ੁਰ ਨੇ ਬਹੁਤ ਸਾਰੀਆਂ ਅਜ਼ਮਾਇਸ਼ਾਂ ਅਤੇ ਮੁਸੀਬਤਾਂ ਆਉਣ ਦਿੱਤੀਆਂ। ਮੇਰੀਆਂ ਵਿੱਤੀ ਜ਼ਰੂਰਤਾਂ ਦੇ ਕਾਰਨ ਮੈਂ ਬਹੁਤ ਪਰੇਸ਼ਾਨ ਸੀ। ਕਿਉਂਕਿ ਮੇਰੇ ਕੋਲ ਆਪਣੀ ਸੇਵਕਾਈ ਸਥਾਪਤ ਕਰਨ ਲਈ ਇੱਕ ਸਥਾਈ ਇਮਾਰਤ ਹੋਣ ਦੀ ਕੋਈ ਗੁੰਜਾਇਸ਼ ਨਹੀਂ ਸੀ, ਇਸ ਲਈ ਮੈਨੂੰ ਇੱਕ ਥਾਂ ਤੋਂ ਦੂਜੀ ਥਾਂ ਜਾਣਾ ਪੈਂਦਾ ਸੀ ਅਤੇ ਆਪਣਾ ਨਿਵਾਸ ਅਤੇ ਦਫ਼ਤਰ ਅਕਸਰ ਬਦਲਣਾ ਪੈਂਦਾ ਸੀ।



ਮੈਂ 1980 ਵਿੱਚ ਬਹੁਤ ਬਿਮਾਰ ਸੀ। ਮੈਨੂੰ ਕਈ ਦਿਨਾਂ ਤੋਂ ਬੁਖਾਰ ਅਤੇ ਮੇਰੇ ਪੂਰੇ ਸਰੀਰ ਵਿੱਚ ਦਰਦ ਸੀ, ਖਾਸ ਕਰਕੇ ਮੇਰੀ ਗਰਦਨ ਵਿੱਚ ਬਹੁਤ ਦਰਦ ਸੀ। ਜਿਸ ਜਗ੍ਹਾ ਮੈਂ ਆਪਣੀ ਸੇਵਕਾਈ ਕਰ ਰਿਹਾ ਸੀ ਉਹ ਮਸੀਹੀ ਖੇਤਰ ਨਹੀਂ ਸੀ। ਮੈਨੂੰ ਆਪਣੇ ਆਲੇ ਦੁਆਲੇ ਦੇ ਲੋਕਾਂ ਤੋਂ ਕੋਈ ਮਦਦ ਨਹੀਂ ਮਿਲੀ ਅਤੇ ਮੈਨੂੰ ਇੱਕ ਅਜਨਬੀ ਸਮਝਿਆ ਜਾਂਦਾ ਸੀ। ਕਿਉਂਕਿ ਮੈਂ ਆਪਣੀ ਬਿਮਾਰੀ ਅਤੇ ਇਕੱਲਤਾ ਕਾਰਨ ਬਹੁਤ ਦੁਖੀ ਸੀ, ਮੈਂ ਆਪਣੇ ਇੱਕ ਦੋਸਤ ਨੂੰ ਇੱਕ ਰਾਤ ਮੇਰੇ ਨਾਲ ਰਹਿਣ ਲਈ ਬੇਨਤੀ ਕੀਤੀ। ਹਾਲਾਂਕਿ ਉਸਨੂੰ ਪਹਿਲਾਂ ਮੇਰੇ ਤੋਂ ਬਹੁਤ ਮਦਦ ਮਿਲੀ ਸੀ, ਉਸਨੇ ਮੇਰੇ ਨਾਲ ਰਹਿਣ ਤੋਂ ਇਨਕਾਰ ਕਰ ਦਿੱਤਾ। ਮੈਂ ਉਸ ਰਾਤ ਬਹੁਤ ਦੁੱਖ ਝੱਲਿਆ।

ਅਗਲੀ ਸਵੇਰ, ਕੁਝ ਲੋਕ ਆਏ ਅਤੇ ਮੈਨੂੰ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਅਤੇ ਮੈਨੂੰ ਇਕੱਲਾ ਛੱਡ ਦਿੱਤਾ। ਮੈਂ ਅਜੇ ਵੀ ਉਸ ਬਿਮਾਰੀ ਤੋਂ ਪੀੜਤ ਸੀ। ਕਈ ਦਿਨਾਂ ਬਾਅਦ, ਡਾਕਟਰਾਂ ਨੇ ਮੇਰਾ ਆਪ੍ਰੇਸ਼ਨ ਕਰਨ ਦਾ ਫੈਸਲਾ ਕੀਤਾ ਅਤੇ ਸਾਰਾ ਪ੍ਰਬੰਧ ਕੀਤਾ।



ਮੇਰੇ ਹਾਲਾਤਾਂ ਦੇ ਕਾਰਨ, ਮੈਂ ਆਪ੍ਰੇਸ਼ਨ ਨਹੀਂ ਕਰਵਾਉਣਾ ਚਾਹੁੰਦਾ ਸੀ ਅਤੇ ਇਸ ਲਈ ਮੈਂ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੱਤੀ। ਮੈਂ ਪਰਮੇਸ਼ੁਰ ਨੂੰ ਦੱਸ ਰਿਹਾ ਸੀ ਕਿ ਕਿਵੇਂ ਮੈਂ ਸੇਵਕਾਈ ਲਈ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਸੀ, ਹਾਲਾਂਕਿ ਮੇਰੇ ਕੋਲ ਸੰਸਾਰਿਕ ਸੁੱਖਾਂ ਦੇ



ਰਸਤੇ ਸਨ । ਜਦੋਂ ਮੈਂ ਪ੍ਰਭੂ ਨੂੰ ਆਪਣੇ ਤਰੀਕੇ ਸਮਝਾਏ ਤਾਂ ਉਸਨੇ ਮੇਰੀ ਗੱਲ ਸੁਣੀ। (ਜ਼ਬੂਰ 119:26)।

ਇੱਕ ਰਾਤ, ਜਦੋਂ ਮੈਂ ਪ੍ਰਾਰਥਨਾ ਕਰ ਰਿਹਾ ਸੀ ਤਾਂ ਮੈਨੂੰ ਪਰਮੇਸ਼ੁਰ ਦੀ ਹਜ਼ੂਰੀ ਦਾ ਅਹਿਸਾਸ ਹੋਇਆ। ਮੈਂ ਆਪਣੇ ਸਰੀਰ ਵਿੱਚ ਬਿਮਾਰੀ ਤੋਂ ਛੁਟਕਾਰਾ ਮਹਿਸੂਸ ਕਰ ਸਕਦਾ ਸੀ। ਮੈਂ ਇਸ 'ਤੇ ਪੂਰੀ ਤਰ੍ਹਾਂ ਵਿਸ਼ਵਾਸ ਕੀਤਾ ਅਤੇ ਆਪਣੇ ਅਨੁਭਵ ਨੂੰ ਸਬੰਧਤ ਡਾਕਟਰ ਨੂੰ ਦੱਸਿਆ। ਉਹ ਹਮਦਰਦ ਸੀ ਅਤੇ ਮੈਨੂੰ ਕਿਹਾ, "ਮੈਨੂੰ ਪਤਾ ਹੈ, ਬਹੁਤ ਸਾਰੇ ਮਸੀਹੀ ਹਨ ਜੋ ਇਹ ਕਹਿ ਕੇ ਇਲਾਜ ਕਰਵਾਉਣ ਤੋਂ ਇਨਕਾਰ ਕਰਦੇ ਹਨ ਕਿ ਯਿਸੂ ਮਸੀਹ ਨੇ ਉਨ੍ਹਾਂ ਨੂੰ ਚੰਗਾ ਕੀਤਾ ਹੈ। ਤੁਸੀਂ ਵੀ ਇਹੀ ਗੱਲ ਕਹਿੰਦੇ ਹੋ।" ਉਸਨੇ ਮੈਨੂੰ ਕਿਸੇ ਸਰਜਰੀ ਜਾਂ ਦਵਾਈ 'ਤੇ ਜ਼ੋਰ ਦਿੱਤੇ ਬਿਨਾਂ ਜਾਣ ਦਿੱਤਾ। ਪਰਮੇਸ਼ੁਰ ਨੇ ਮੇਰੇ ਨਾਲ ਉਹੀ ਕੀਤਾ ਜੋ ਮੈਂ ਉਸ 'ਤੇ ਵਿਸ਼ਵਾਸ ਕੀਤਾ ਸੀ। ਪਰਮੇਸ਼ੁਰ ਨੇ ਮੈਨੂੰ ਪੂਰੀ ਤਰ੍ਹਾਂ ਠੀਕ ਕਰ ਦਿੱਤਾ।



ਲਗਭਗ 46 ਸਾਲ ਬੀਤ ਗਏ ਹਨ। ਉਸ ਬਿਮਾਰੀ ਨੇ ਮੈਨੂੰ ਕਦੇ ਛੂਹਿਆ ਵੀ ਨਹੀਂ। ਭਾਵੇਂ ਮੈਨੂੰ ਖਰਾਬ ਅਤੇ ਕੱਚੀਆਂ ਸੜਕਾਂ 'ਤੇ ਵਾਹਨ ਚਲਾਉਣੇ ਪੈਂਦੇ ਹਨ, ਪਰ ਮੈਨੂੰ ਪਿੱਠ ਦਰਦ ਜਾਂ ਗਰਦਨ ਵਿੱਚ ਦਰਦ ਨਹੀਂ ਹੁੰਦਾ। ਮੈਂ ਲਗਭਗ ਦਿਨ ਵਿੱਚ 20 ਘੰਟੇ ਕੰਮ ਕਰਦਾ ਹਾਂ, ਜਾਂ ਤਾਂ ਮੈਂ ਦਫ਼ਤਰ ਵਿੱਚ ਹੁੰਦਾ ਹਾਂ ਜਾਂ ਕਿਤੇ ਪ੍ਰਚਾਰ ਕਰਦਾ ਹਾਂ। ਆਮ ਤੌਰ 'ਤੇ ਮੈਂ ਥੱਕਦਾ ਨਹੀਂ,ਪਰਮੇਸ਼ੁਰ ਨੇ ਨਾ ਸਿਰਫ਼ ਮੈਨੂੰ ਚੰਗਾ ਕੀਤਾ ਹੈ ਸਗੋਂ ਮੈਨੂੰ ਕਈ ਤਰੀਕਿਆਂ ਨਾਲ ਅਸੀਸ ਵੀ ਦਿੱਤੀ ਹੈ। ਸਿਰਫ਼ ਇੱਕ ਦੋਸਤ ਸੀ ਜਿਸਨੇ ਮੈਨੂੰ ਛੱਡ ਦਿੱਤਾ ਸੀ। ਪਰ ਅੱਜ ਪਰਮੇਸ਼ੁਰ ਨੇ ਮੈਨੂੰ ਪੂਰੀ ਦੁਨੀਆ ਵਿੱਚ ਦੋਸਤ ਮੈਨੂੰ ਦਿੱਤੇ ਹਨ ਅਤੇ ਨੂੰ ਅਤੇ ਮੇਰੀ ਸੇਵਕਾਈ ਅਸੀਸ ਦਿੱਤੀ ਹੈ।

ਪਿਆਰੇ ਦੋਸਤ, ਸਾਡਾ ਪ੍ਰਭੂ ਯਿਸੂ ਬਹੁਤ ਹੀ ਵਿਲੱਖਣ ਹੈ ਅਤੇ ਹਰ ਚੀਜ਼ ਅਤੇ ਹਰ ਚੀਜ਼ ਤੋਂ ਉੱਚਾ ਹੈ। ਜੇਕਰ ਅਸੀਂ ਉਸਨੂੰ ਆਪਣਾ ਸੱਚਾ ਦੋਸਤ ਅਤੇ ਪਰਮੇਸ਼ੁਰ ਮੰਨਦੇ ਹਾਂ, ਤਾਂ ਉਹ ਇਸ ਹਨੇਰੇ ਸੰਸਾਰ ਵਿੱਚ ਸਹੀ ਸਮੇਂ ਤੇ ਸਾਨੂੰ ਸਹੀ ਰਸਤੇ 'ਤੇ ਲੈ ਜਾਵੇਗਾ। ਜੇਕਰ ਤੁਸੀਂ ਆਪਣੀ ਨਿੱਜੀ ਜ਼ਿੰਦਗੀ ਵਿੱਚ ਉਸਨੂੰ ਆਪਣਾ ਪ੍ਰਭੂ ਅਤੇ ਮੁਕਤੀਦਾਤਾ ਨਹੀਂ ਮੰਨਿਆ ਹੈ, ਤਾਂ ਹੁਣੇ ਉਸਨੂੰ ਸਵੀਕਾਰ ਕਰੋ, ਅਤੇ ਉਸਦੀ ਸੇਵਾ ਕਰਨਾ ਸ਼ੁਰੂ ਕਰੋ। ਉਹ ਜ਼ਰੂਰ ਤੁਹਾਡੀ ਅਗਵਾਈ ਇੱਕ ਸੁਰੱਖਿਅਤ ਤਰੀਕੇ ਨਾਲ ਕਰੇਗਾ। ਉਹ ਹਰ ਰੋਜ਼ ਮੇਰੀ ਅਗਵਾਈ ਕਰ ਰਿਹਾ ਹੈ ਅਤੇ ਮੈਨੂੰ ਯਕੀਨ ਹੈ ਕਿ ਉਹ ਤੁਹਾਡੀ ਵੀ ਅਗਵਾਈ ਕਰੇਗਾ।

**ਮੈਂ ਉਜਾੜ ਵਿੱਚ ਵੀ ਇੱਕ ਰਸਤਾ ਅਤੇ ਮਾਰੂਥਲ ਵਿੱਚ ਨਦੀਆਂ ਬਣਾਵਾਂਗਾ । (ਯਸਾਯਾਹ 43:19)।**

*****************

...ਪੰਨਾ ਨੰਬਰ 6 ਤੋਂ ਜਾਰੀ ਹੈ



**... ਮੈਂ ਯਹੋਵਾਹ ਹਾਂ... ਮੈਂ ਤੈਨੂੰ ਅਤੇ ਤੇਰੀ ਅੰਸ ਨੂੰ ਇਹ ਧਰਤੀ ਦਿਆਂਗਾ ... - ਉਤਪਤ 28:13**

ਉਹ ਖਾਲੀ ਹੱਥ ਚਲਾ ਗਿਆ, ਡਰਿਆ ਹੋਇਆ ਸੀ, ਅਤੇ ਆਪਣੇ ਭਵਿੱਖ ਬਾਰੇ ਅਨਿਸ਼ਚਿਤ ਸੀ।

ਪਹਿਲਾਂ ਤਾਂ, ਲਾਬਾਨ ਦੇ ਘਰ ਵਿੱਚ ਜੀਵਨ ਅਨੁਕੂਲ ਜਾਪਦਾ ਸੀ । ਪਰ ਸਮੇਂ ਦੇ ਨਾਲ, ਇਹ ਦੁਸ਼ਮਣੀ ਵਿੱਚ ਬਦਲ ਗਿਆ। ਲਾਬਾਨ ਅਤੇ ਉਸਦੇ ਪੁੱਤਰਾਂ ਨੂੰ ਈਰਖਾ ਹੋਣ ਲੱਗੀ, ਅਤੇ ਉਨ੍ਹਾਂ ਦਾ ਰਵੱਈਆ ਬਦਲ ਗਿਆ।

**... ਯਾਕੂਬ ਨੇ ਲਾਬਾਨ ਦਾ ਚਿਹਰਾ ਦੇਖਿਆ ... ਇਹ ਪਹਿਲਾਂ ਵਾਂਗ ਉਸ ਵੱਲ ਨਹੀਂ ਸੀ । — ਉਤਪਤ 31:2, 5.**

ਭਾਵੇਂ ਯਾਕੂਬ ਨੇ ਮੁਸ਼ਕਲਾਂ ਦਾ ਸਾਹਮਣਾ ਕੀਤਾ, ਪਰ ਪਰਮੇਸ਼ੁਰ ਉਸਦੇ ਨਾਲ ਸੀ। ਜਦੋਂ ਸਮਾਂ ਆਇਆ, ਤਾਂ ਪਰਮੇਸ਼ੁਰ ਨੇ ਕਿਹਾ, 'ਵਾਪਸ ਜਾਓ'।

ਜਦੋਂ ਲਾਬਾਨ ਨੇ ਯਾਕੂਬ ਨੂੰ ਖਾਲੀ ਹੱਥ ਭੇਜਣ ਦਾ ਇਰਾਦਾ ਕੀਤਾ ਸੀ, ਤਾਂ ਵੀ ਪਰਮੇਸ਼ੁਰ ਨੇ ਦਖਲ ਦਿੱਤਾ।

ਯਾਕੂਬ ਨੇ ਗਵਾਹੀ ਦਿੱਤੀ:

**ਜੇਕਰ ਪਿਤਾ ਦਾ ਪਰਮੇਸ਼ੁਰ ... ਮੇਰੇ ਨਾਲ ਨਾ ਹੁੰਦਾ, ਤਾਂ ਮੈਨੂੰ ਸਖਣੇ ਹੱਥ ਕੱਢ ਦਿੱਤਾ ਹੁੰਦਾ ... - ਉਤਪਤ 31:42।**

ਪਰ ਪਰਮੇਸ਼ੁਰ ਨੇ ਇਸਦੀ ਇਜਾਜ਼ਤ ਨਹੀਂ ਦਿੱਤੀ। ਉਸਨੇ ਸਭ ਕੁਝ ਬਹਾਲ ਕੀਤਾ ਅਤੇ ਆਪਣਾ ਵਾਅਦਾ ਪੂਰਾ ਕੀਤਾ।

ਪਰਮੇਸ਼ੁਰ ਆਪਣੇ ਸਮੇਂ ਵਿੱਚ ਸਭ ਕੁਝ ਸੁੰਦਰ ਬਣਾਉਂਦਾ ਹੈ।

ਜੇਕਰ ਤੁਸੀਂ ਉਡੀਕ ਕਰ ਰਹੇ ਹੋ:

- ਤਰੱਕੀ ਲਈ
- ਉਨੱਤੀ ਲਈ
- ਇੱਕ ਬੇਦਾਰੀ ਲਈ

ਪਰਮੇਸ਼ੁਰ ਤੁਹਾਨੂੰ ਯਾਦ ਕਰਵਾ ਰਿਹਾ ਹੈ:

ਜਦੋਂ ਪਰਮੇਸ਼ੁਰ ਕਹਿੰਦਾ ਹੈ, 'ਸਮਾਂ ਆ ਗਿਆ ਹੈ,' ਤਾਂ ਕੋਈ ਵੀ ਤੁਹਾਨੂੰ ਰੋਕ ਨਹੀਂ ਸਕਦਾ।

ਦਲੇਰ ਬਣੋ।

ਤਕੜੇ ਰਹੋ।

ਸਹੀ ਸਮੇਂ ਤੇ,ਪਰਮੇਸ਼ੁਰ ਅਗਲਾ ਦਰਵਾਜ਼ਾ ਖੋਲ੍ਹ ਦੇਵੇਗਾ।

ਪਿਆਰੇ ਦੋਸਤੋ, ਲੋਕ ਸਾਡੇ ਵਿਰੁੱਧ ਸਾਜ਼ਿਸ਼ਾਂ ਰਚ ਸਕਦੇ ਹਨ, ਅਤੇ ਦੁਸ਼ਮਣ ਸਾਡੇ ਸਾਹਮਣੇ ਜਾਲ ਵਿਛਾ ਸਕਦੇ ਹਨ - ਪਰ ਪਰਮੇਸ਼ੁਰ ਉਨ੍ਹਾਂ ਨੂੰ ਸਾਨੂੰ ਕਦੇ ਵੀ ਤਬਾਹ ਨਹੀਂ ਕਰਨ ਦੇਵੇਗਾ। ਸਾਨੂੰ ਉਸਦੇ ਵਾਅਦਿਆਂ ਨੂੰ ਮਜ਼ਬੂਤੀ ਨਾਲ ਫੜੀ ਰੱਖਣਾ ਚਾਹੀਦਾ ਹੈ:

**'ਯਹੋਵਾਹ ਤੁਹਾਡਿਆਂ ਵੈਰੀਆਂ ਨੂੰ ਤੁਹਾਡੇ ਜਿਹੜੇ ਵਿਰੁੱਧ ਉੱਠਦੇ ਹਨ ਤੁਹਾਡੇ ਅੱਗੋਂ ਮਰਵਾ ਸੁੱਟੇਗਾ। ਇੱਕ ਰਾਹ ਥਾਣੀ ਉਹ ਆਉਣਗੇ ਪਰ ਸੱਤੀਂ ਰਾਹੀਂ ਹੋ ਕੇ ਤੁਹਾਡੇ ਅੱਗੋਂ ਨੱਠਣਗੇ 'ਬਿਵਸਥਾਸਾਰ 28:7**

ਭਾਵੇਂ ਅਸੀਂ ਕਿਸੇ ਵੀ ਤਰ੍ਹਾਂ ਦਾ ਸਾਹਮਣਾ ਕਰੀਏ, ਪਰਮੇਸ਼ੁਰ ਸਾਡੇ ਨਾਲ ਖੜ੍ਹਾ ਹੈ। ਉਸਦਾ ਬਚਨ ਸਾਨੂੰ ਯਾਦ ਦਿਵਾਉਂਦਾ ਹੈ:

**'ਧਰਮੀ ਉੱਤੇ ਬਹੁਤ ਸਾਰੀਆਂ ਮੁਸੀਬਤਾਂ ਪੈਂਦੀਆਂ ਹਨ, ਪਰ ਯਹੋਵਾਹ ਉਨ੍ਹਾਂ ਸਭਨਾਂ ਤੋਂ ਉਸ ਨੂੰ ਛੁਡਾਉਂਦਾ ਹੈ । - ਜ਼ਬੂਰ 34:19**

**'ਉਹ ਮੈਨੂੰ ਪੁਕਾਰੇਗਾ ਅਤੇ ਮੈਂ ਉਹ ਨੂੰ ਉੱਤਰ ਦਿਆਂਗਾ, ਦੁਖ ਵਿੱਚ ਮੈਂ ਉਹ ਦੇ ਅੰਗ ਸੰਗ ਹੋਵਾਂਗਾ, ਮੈਂ ਉਹ ਨੂੰ ਛੁਡਾਵਾਂਗਾ ਅਤੇ ਉਹ ਨੂੰ ਆਦਰ ਦਿਆਂਗਾ '**

**ਜ਼ਬੂਰਾਂ ਦੀ ਪੋਥੀ 91:15**

ਪਰਮੇਸ਼ੁਰ ਦੂਰ ਨਹੀਂ ਹੈ - ਉਹ ਸਾਡੇ ਨਾਲ ਹੈ। ਉਹ ਹਰ ਮੁਸੀਬਤ ਵਿੱਚ ਸਾਡੇ ਨਾਲ ਚੱਲਦਾ ਹੈ ਜਦੋਂ ਤੱਕ ਉਹ ਸਾਨੂੰ ਪਾਰ ਨਹੀਂ ਕਰਵਾਉਂਦਾ।

ਉਹ ਤੁਹਾਨੂੰ ਨਹੀਂ ਛੱਡੇਗਾ।

ਉਹ ਤੁਹਾਨੂੰ ਅਸਫਲ ਨਹੀਂ ਕਰੇਗਾ।

ਉਹ ਕਿਸੇ ਵੀ ਚੀਜ਼ ਨੂੰ ਉਸ ਚੰਗੇ ਭਵਿੱਖ ਨੂੰ ਤਬਾਹ ਨਹੀਂ ਕਰਨ ਦੇਵੇਗਾ ਜੋ ਉਸਨੇ ਤੁਹਾਡੇ ਲਈ ਤਿਆਰ ਕੀਤਾ ਹੈ।

ਉਸਦੇ ਵਾਅਦੇ ਨੂੰ ਫੜੀ ਰੱਖੋ:

**... " ਨਾ ਡਰ, ਅਬਰਾਹਾਮ। ਮੈਂ ਤੇਰੀ ਢਾਲ ਹਾਂ, ਤੇਰਾ ਬਹੁਤ ਵੱਡਾ ਫਲ ।" - ਉਤਪਤ 15:1**

(ਉੱਥੇ ਆਪਣਾ ਨਾਮ ਲਿਖੋ - ਉਸਦਾ ਵਾਅਦਾ ਨਿੱਜੀ ਹੈ।)

ਤੁਹਾਡਾ ਮਹੀਨਾ ਮੁਬਾਰਕ ਹੋਵੇ!

**NOTICE**

Save our mobile numbers (+91) 98410 71858, (+91) 98412 71858 (main numbers) in your mobile phones. - Editor


# NEHEMIAH BIBLE COLLEGE

AN *ECHO OF HIS CALL* INSTITUTION

EVENING CLASSES - TAMIL & HINDI



**26th GRADUATION SERVICE** on 4rd July, 2026 Saturday, 5:00 P.M.

Special Guest :
REV. DR. S.J. KINGSLEY,
(COO, JESUS CALLS)

at Skidmore Hall,
Balar Kalvi Nilayam Hall, M.R.C. Centre,
5/6, Ritherdon Road,
Vepery, Chennai - 600 007.

- 2026-2027 Admissions have started for Tamil and Hindi students!
- Please recommend deserving students!!
- Classes for the academic year 2026-27 will commence on 01.06.2026!!!!

Pray and Participate!

Classes conducted at Chepauk, Santhoshapuram & Velachery

Posted at "Egmore RMS Patrika Channel" RNI NO. TNPUN/2000/1914, Postal Regn. No. TN/CH/(C)/192/24-26 WPP NO. TN/PMG(CCR)/WPP-263/24-26

## OUR BANK DETAILS:

**1. Bank : State Bank of India**

Branch : **Triplicane, Chennai-5**
Name : **S. Sam Selva Raj**
A/C No. : **1023 2934 679**
IFSC : **SBIN 00 00 249**
SWIFT CODE : **SBI NIN BB 455**

**2. Bank : ICICI Bank**

Branch : **Anna Salai, Chennai-6**
Name : **Echo of His Call**
A/C No. : **6038 0502 2319**
IFSC : **ICIC 000 6038**

**3. Bank : State Bank of India**

**(This Account is for Tax Exemption for Indians only )**

Branch : **Triplicane, Chennai-5**
Name : **Echo of His Call Educational Trust**
A/C No. : **1023 2923 805**
IFSC : **SBIN 00 00 249**

## OUR QR CODE:

ECHO OF HIS CALL

Scan to pay with any UPI app

**Google Pay: 98410 71858**
**PayPal : SAM SELVA RAJ**
*****
**E.mail : sam@echoofhiscall.org**

# ਬੁਲਾਵੇ ਦੀ ਗੂੰਜ

**16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੁਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।**

**ਸਲਾਨਾ ਚੰਦਾ 100/- ਰੁ:** **ਜੀਵਨ ਭਰ ਲਈ ਚੰਦਾ: 2000/- ਰੁ:**

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਸੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

Our address :

**ECHO OF HIS CALL**

10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.org

**YOU CAN SEND YOUR DONATION ONLINE ALSO**

RNI NO. 2000/1914
Postal Regn. No. TN/CH/(C)/192/24-26
WPP NO. TN/PMG(CCR) / WPP- 263/24-26
Date of Publication: Third week of every month
Date of Posting : 19th & 20th of every month
Posted at "Egmore RMS Patrika Channel"
on 20th JUNE 2026

If un-delivered please return to:
**ECHO OF HIS CALL (PUNJABI)**
P.O. Box No. 2957,
Chepauk, Chennai - 600 005, INDIA.
Phone: (+ 91- 44) 2852 8282, 2852 9293, 2854 7766

*JESUS LOVES YOU!*

To

*GOD BLESS YOU!*

Owned and published by **S. Sam Selva Raj** from New No. 8 & 10, Old No.18 & 19, Mohammed Abdullah 2nd Street, Chepauk, Chennai-600 005 and printed by **S. Sam Selva Raj at Echo of His Call Printers,** New No. 8 & 10, Old No.18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**